
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 17
August 7, 2019
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਨਾਮਵਰ ਪੱਤਰਕਾਰ ਰਵੀਸ਼ ਕੁਮਾਰ ਮੈਗਸਾਸੇ ਸਨਮਾਨ ਚਿੰਨ੍ਹ ਨਾਲ ਸਨਮਾਨਤ। ਅਦਾਰਾ ਦੇਸ਼ ਦੁਆਬਾ ਉਹਨਾਂ ਨੂੰ ਦਿਲੀ ਹਾਰਦਿਕ ਵਧਾਈ ਦਿੰਦਾ ਹੈ। (ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 10 'ਤੇ)







15ਵੇਂ ਵਿਸ਼ਵ ਕਬੱਡੀ ਕੱਪ 15 ਸਤੰਬਰ 2019 ਨੂੰ ਹੋਵੇਗਾ ਲੋਗਨ ਹਾਈ ਸਕੂਲ ਵਿਖੇ। ਵਿਸਥਾਰਿਤ ਜਾਣਕਾਰੀ ਲਈ ਰਿਪੋਰਟ ਦੇਖੋ ਸਫਾ 4 'ਤੇ ਅਤੇ ਇਸਤਿਹਾਰ ਦੇਖੋ ਆਖਰੀ ਸਫੇ 'ਤੇ)।



ਪਿਟਸਬਰਗ ਵਿਖੇ ਸਫਲਤਾ ਪੂਰਵਕ ਕਰਵਾਇਆ ਤੀਆਂ ਦਾ ਮੇਲਾ (ਡਾ. ਰੂਬੀ ਰਾਜੂ ਦੀ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11 'ਤੇ)

## ਅਮਰੀਕਾ 'ਚ ਬੰਦੂਕ ਕੰਟਰੋਲ ਕਾਨੂੰਨ 'ਤੇ ਫਿਰ ਉਠੇ ਸਵਾਲ

**ਵਾਸ਼ਿੰਗਟਨ (ਬਿਊਰੋ)–** ਸੰਯੁਕਤ ਰਾਜ ਅਮਰੀਕਾ 'ਚ ਬੰਦੂਕ ਕੰਟਰੋਲ ਸਮੂਹ 'ਮਾਮਸ ਡਿਮਾਂਡ ਐਕਸ਼ਨ' ਦੇ ਸੈਂਕੜੇ ਵਰਕਰਾਂ ਨੇ ਵ੍ਹਾਈਟ ਹਾਊਸ ਸਾਹਮਣੇ ਬੰਦੂਕ ਕੰਟਰੋਲ ਕਾਨੂੰਨ 'ਚ ਸੁਧਾਰ ਦੀ ਮੰਗ ਕੀਤੀ ਹੈ। ਡੈਨਵਰ ਨੇ ਇਕ ਸਕੂਲ 'ਚ ਹੋਈ ਵਿਦਿਆਰਥੀਆਂ ਵੱਲੋਂ ਸ਼ੂਟਿੰਗ ਦੀ ਘਟਨਾ ਤੋਂ ਬਾਅਦ ਹੁਣ ਇਹ ਮਾਮਲਾ ਜ਼ੋਰ ਫੜਦਾ ਜਾ ਰਿਹਾ ਹੈ। ਪ੍ਰਦਰਸ਼ਨਕਾਰੀ ਅਮਰੀਕੀ ਬੰਦੂਕ ਕਾਨੂੰਨ ਨੂੰ ਸਖ਼ਤ ਕਰਨ ਦੀ ਮੰਗ ਕਰ ਰਹੇ ਹਨ। ਪ੍ਰਦਰਨਸ਼ਕਾਰੀਆਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਅਮਰੀਕੀ ਸੰਸਦ ਮੈਂਬਰਾਂ ਤੋਂ ਇਹ ਮੰਗ ਕੀਤੀ ਹੈ ਕਿ ਇਸ ਕਾਨੂੰਨ 'ਚ ਤੁਰੰਤ ਸੁਧਾਰ ਕੀਤਾ ਜਾਵੇ। ਪ੍ਰਦਰਸ਼ਨਕਾਰੀ ਰਵਾਇਤੀ ਲਾਲ ਟੀ-ਸ਼ਰਟ ਪਹਿਨੇ ਹੋਏ ਸਨ। ਉਹ ਮੌਜੂਦਾ ਬੰਦੂਕ ਕੰਟਰੋਲ ਕਾਨੂੰਨ ਖ਼ਿਲਾਫ਼ ਨਾਅਰੇ ਲਗਾ ਰਹੇ ਸਨ।

ਜ਼ਿਕਰਯੋਗ ਹੈ ਕਿ ਪੱਛਮੀ ਅਮਰੀਕੀ ਸੂਬੇ ਕੋਲੋਰਾਡੋ ਦੀ ਰਾਜਧਾਨੀ ਡੈਨਵਰਦੇ ਇਕ ਸਕੂਲ ਵਿਦਿਆਰਥੀ ਨੇ ਹੋਰ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਅੰਨ੍ਹੇਵਾਹ ਫਾਇਰਿੰਗ ਸ਼ੁਰੂ ਕਰ ਦਿੱਤੀ। ਇਸ ਫਾਇਰਿੰਗ 'ਚ ਇਕ ਦਰਜਨ ਲੋਕ ਮਾਰੇ ਗਏ ਸਨ, ਕਈ ਬੱਚੇ ਗੰਭੀਰ ਰੂਪ 'ਚ ਜ਼ਖ਼ਮੀ ਹੋਏ ਸਨ। ਇੰਨਾ ਹੀ ਨਹੀਂ ਪਿਛਲੇ ਸਾਲ ਅਮਰੀਕਾ ਦੇ ਫਲੋਰੀਡਾ ਸੂਬੇ 'ਚ ਸਕੂਲੀ ਵਿਦਿਆਰਥੀਆਂ ਵੱਲੋਂ ਹੋਈ ਫਾਇਰਿੰਗ 'ਚ ਕਈ ਬੱਚਿਆਂ ਦੀ ਮੌਤ ਹੋ ਗਈ ਸੀ। ਉਦੋਂ ਤੋਂ ਇਸ ਕਾਨੂੰਨ 'ਚ ਬਦਲਾਅ ਦੇ ਸੰਕੇਤ ਸਨ। ਪਰ ਡੈਨਵਰ ਦੀ ਘਟਨਾ ਤੋਂ ਬਾਅਦ ਲੋਕ ਇਸ ਕਾਨੂੰਨ ਦਾ ਵਿਰੋਧ 'ਚ ਸੜਕ 'ਤੇ ਉਤਰ ਆਏ। ਦੱਸ ਦੇਈਏ ਕਿ ਅਮਰੀਕਾ 'ਚ 24 ਘੰਟਿਆਂ ਅੰਦਰ ਸਮੂਹਿਕ ਗੋਲ਼ੀਬਾਰੀ ਦੀਆਂ ਤਿੰਨ ਘਟਨਾਵਾਂ ਹੋਈਆਂ ਹਨ। ਇਸ 'ਚ ਕਰੀਬ 37 ਲੋਕਾਂ ਦੀ ਜਾਨ ਗਈ ਹੈ ਤੇ ਦਰਜਨਾਂ ਜ਼ਖ਼ਮੀ ਹੋਏ ਹਨ।




## ਧਾਰਾ 370 ਹਟੀ, ਜੰਮੂ-ਕਸ਼ਮੀਰ ਦੋ ਹਿੱਸਿਆਂ 'ਚ ਵੰਡਿਆ

**ਨਵੀਂ ਦਿੱਲੀ (ਬਿਊਰੋ)–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਇਤਿਹਾਸ ਸਿਰਜਦਿਆਂ ਰਾਸ਼ਟਰਪਤੀ ਦੇ ਨਵੇਂ ਫ਼ਰਮਾਨ ਦੇ ਹਵਾਲੇ ਨਾਲ ਜੰਮੂ ਤੇ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦਿੰਦੀ ਧਾਰਾ 370 ਫ਼ੌਰੀ ਰੱਦ ਕਰ ਦਿੱਤੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਰਾਜ ਸਭਾ ਵਿੱਚ ਜੰਮੂ ਕਸ਼ਮੀਰ ਪੁਨਰਗਠਨ ਬਿੱਲ ਪੇਸ਼ ਕਰਦਿਆਂ ਜੰਮੂ ਤੇ ਕਸ਼ਮੀਰ ਨੂੰ ਦੋ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ (ਜੰਮੂ ਤੇ ਕਸ਼ਮੀਰ ਡਿਵੀਜ਼ਨ ਅਤੇ ਲੱਦਾਖ਼) ਵਿੱਚ ਵੰਡਣ ਦੀ ਤਜਵੀਜ਼ ਰੱਖੀ, ਜਿਸ ਨੂੰ ਸਦਨ ਨੇ ਦੇਰ ਸ਼ਾਮ ਲੰਮੀ ਬਹਿਸ ਮਗਰੋਂ ਪਾਸ ਕਰ ਦਿੱਤਾ। ਬਿੱਲ ਦੇ ਹੱਕ ਵਿੱਚ 125 ਤੇ ਵਿਰੋਧ ਵਿੱਚ 61 ਵੋਟਾਂ ਪਈਆਂ। ਅਗਲੇ ਦਿਨ ਇਹ ਬਿਲ ਲੋਕ ਸਭਾ ਵਿਚ ਵੀ ਇਹ ਬਿਲ 370 ਵੋਟਾਂ ਨਾਲ ਪਾਸ ਹੋ ਗਿਆ। ਬਿੱਲ ਮੁਤਾਬਕ ਜੰਮੂ ਤੇ ਕਸ਼ਮੀਰ ਅਤੇ ਲੱਦਾਖ ਕੇਂਦਰ ਸ਼ਾਸਿਤ ਪ੍ਰਦੇਸ਼ ਬਣਨ ਕਰਕੇ ਸਿੱਧੇ ਕੇਂਦਰ ਸਰਕਾਰ ਅਧੀਨ ਆ ਜਾਣਗੇ। ਹਾਲਾਂਕਿ ਯੂਟੀ ਬਣਨ ਦੇ ਬਾਵਜੂਦ ਜੰਮੂ ਤੇ ਕਸ਼ਮੀਰ ਦੀ ਆਪਣੀ ਵਿਧਾਨ ਸਭਾ ਹੋਵੇਗੀ। ਉਧਰ ਵਿਰੋਧੀ ਧਿਰ ਨੇ ਸਰਕਾਰ ਵੱਲੋਂ ਕਾਹਲੀ ਨਾਲ ਪੇਸ਼ ਕੀਤੇ ਬਿੱਲ ਨੂੰ ਗ਼ੈਰ-ਜਮਹੂਰੀ ਕਰਾਰ ਦਿੰਦਿਆਂ ਇਸ ਦਾ ਜ਼ੋਰਦਾਰ ਵਿਰੋਧ ਕੀਤਾ। ਸ੍ਰੀ ਆਜ਼ਾਦ ਨੇ ਕਿਹਾ ਕਿ ਸਰਕਾਰ ਨੇ ਦੇਸ਼ ਦਾ




ਤਾਜ ਕਹੇ ਜਾਂਦੇ ਸੂਬੇ ਦਾ ਸਿਰ ਕਲਮ ਕਰ ਦਿੱਤਾ ਹੈ। ਇਸ ਦੌਰਾਨ ਸ੍ਰੀ ਸ਼ਾਹ ਨੇ ਇਹ ਬਿੱਲ ਅੱਜ ਲੋਕ ਸਭਾ ਵਿੱਚ ਵੀ ਪੇਸ਼ ਕੀਤਾ, ਜਿੱਥੇ ਇਸ ਦੇ ਭਲਕੇ ਜਾਂ ਅਗਲੇ ਦਿਨਾਂ ਵਿੱਚ ਸੌਖਿਆਂ ਹੀ ਪਾਸ ਹੋ ਜਾਣ ਦੀ ਉਮੀਦ ਹੈ। ਉਂਜ ਲੋਕ ਸਭਾ ਵਿੱਚ ਬਿੱਲ ਦੀ ਖ਼ਿਲਾਫ਼ਤ ਕਰਦਿਆਂ ਵਿਰੋਧੀ ਧਿਰਾਂ ਸਦਨ 'ਚੋਂ ਵਾਕਆਊਟ ਕਰ ਗਈਆਂ।

ਇਸ ਤੋਂ ਪਹਿਲਾਂ ਅਮਿਤ ਸ਼ਾਹ ਨੇ ਰਾਜ ਸਭਾ ਵਿੱਚ ਰਾਸ਼ਟਰਪਤੀ ਦੇ ਨਵੇਂ ਫਰਮਾਨ ਦੇ ਹਵਾਲੇ ਨਾਲ ਮਤਾ ਰੱਖਦਿਆਂ ਕਿਹਾ ਕਿ ਜੰਮੂ ਤੇ ਕਸ਼ਮੀਰ ਨੂੰ ਧਾਰਾ 370 ਤਹਿਤ ਮਿਲਿਆ ਵਿਸ਼ੇਸ਼ ਦਰਜਾ ਹੁਣ ਅਮਲ ਵਿੱਚ ਨਹੀਂ ਰਹੇਗਾ। ਮਤੇ ਮੁਤਾਬਕ, 'ਰਾਸ਼ਟਰ-ਪਤੀ ਨੇ ਸੰਸਦ ਦੀ ਸਿਫਾਰਿਸ਼ 'ਤੇ 5 ਅਗਸਤ 2019 ਤੋਂ ਧਾਰਾ 370 ਦੀਆਂ ਉਪ ਧਾਰਾਵਾਂ ਨੂੰ ਮਨਸੂਖ ਕਰ ਦਿੱਤਾ ਹੈ।' ਸ੍ਰੀ ਸ਼ਾਹ ਨੇ ਜੰਮੂ ਤੇ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ- ਜੰਮੂ ਤੇ ਕਸ਼ਮੀਰ ਡਿਵੀਜ਼ਨ ਅਤੇ ਲੱਦਾਖ ਵਿੱਚ ਵੰਡਣ ਸਬੰਧੀ ਬਿੱਲ ਦੀ ਤਜਵੀਜ਼ ਵੀ ਰੱਖੀ। ਸ੍ਰੀ ਸ਼ਾਹ ਨੇ ਜੰਮੂ ਤੇ ਕਸ਼ਮੀਰ ਪੁਨਰਗਠਨ ਬਿੱਲ ਪੇਸ਼ ਕਰਦਿਆਂ ਕਿਹਾ ਕਿ ਲੱਦਾਖ, ਚੰਡੀਗੜ੍ਹ ਦੀ ਤਰਜ਼ 'ਤੇ ਕੇਂਦਰ ਸ਼ਾਸਤ ਪ੍ਰਦੇਸ਼ ਬਣੇਗਾ ਜਦੋਂਕਿ ਜੰਮੂ ਤੇ ਕਸ਼ਮੀਰ ਵਿੱਚ ਦਿੱਲੀ ਤੇ ਪੁੱਡੂਚੇਰੀ ਵਾਂਗ ਵਿਧਾਨ ਸਭਾ ਹੋਵੇਗੀ। ਕੇਂਦਰੀ ਮੰਤਰੀ ਨੇ ਬਿੱਲ ਨੂੰ ਰਾਜ ਸਭਾ ਵਿੱਚ ਪੇਸ਼ ਕਰਨ ਤੋਂ ਪਹਿਲਾਂ ਅੱਜ ਸਵੇਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ।


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com




Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਟੈਕਸਸ ਦੇ ਸ਼ਹਿਰ ਐਲ ਪਾਸੋ ਦੇ ਵਾਲਮਾਰਟ ਵਿੱਚ ਹੋਈ ਅੰਨੇਵਾਹ ਗੋਲੀਬਾਰੀ ਚ 20 ਲੋਕਾਂ ਦੀ ਮੌਤ, ਦਰਜਨਾਂ ਜਖਮੀ

## ਸ਼ੱਕੀ ਵਿਅਕਤੀ ਦੀ ਪਛਾਣ ਡੈਲਾਸ ਦੇ ਇਕ 21 ਸਾਲਾ ਵਿਅਕਤੀ ਪੈਟ੍ਰਿਕ ਕਰੂਸੀਅਸ ਵਜੋਂ ਹੋਈ ਹੋਈ








**ਐਲ ਪਾਸੋ, ਟੈਕਸਾਸ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਮੈਕਸੀਕੋ ਦੀਸਰਹੱਦਨਾਲ ਲਗਦੇ ਸ਼ਹਿਰ ਐਲ ਪਾਸੋ ਚ ਪੈਂਦੇ ਭੀੜ-ਭੜੱਕੇ ਵਾਲੇ ਵਾਲਮਾਰਟ ਵਿਚ ਅੱਜ ਹੋਈਗੋਲਾਬਾਰੀ ਵਿਚ 20 ਲੋਕਾਂ ਦੀ ਮੌਤ ਅਤੇ 26 ਜ਼ਖਮੀ ਹੋ ਗਏ । ਖੂਫੀਆਂ ਏਜੰਸੀਆਂ ਦੀ ਇਸ ਗੋਲੀਬਾਰੀ ਦੇ ਕਾਰਣਾਂ ਦੀ ਆਪਣੀ ਤਫਦੀਸ਼ ਭਾਵੇਂ ਚੱਲ ਰਹੀ ਹੈ ਪਰ ਫਿਰ ਵੀ ਇਸਨੂੰ ਨਸਲੀ ਹਮਲਾ ਦੱਸਿਆ ਜਾ ਰਿਹਾ ਹੈ। ਇਸ ਘਟਨਾਂ ਪ੍ਰਤੀ ਸ਼ੱਕੀ ਵਿਅਕਤੀ ਦੀ ਅਧਿਕਾਰੀਆਂ ਨੇ ਟੈਕਸਸ ਦੇ ਐਲਨ ਦੇ 21 ਸਾਲਾ ਪੈਟ੍ਰਿਕ ਕਰੂਸੀਅਸ ਵਜੋਂ ਪਛਾਣ ਕੀਤੀ ਹੈ। ਏਲ ਪਾਸੋ ਪੁਲਿਸ ਗੋਲੀਬਾਰੀ ਦੀ ਜਾਂਚ ਨਫ਼ਰਤ ਦੇ ਸੰਭਾਵਿਤ ਅਪਰਾਧ ਵਜੋਂ ਕਰ ਰਹੀ ਹੈ। ਏਲ ਪਾਸੋ ਦੇ ਪੁਲਿਸ ਮੁਖੀ ਗ੍ਰੇਗ ਐਲਨ ਨੇ ਕਿਹਾ ਕਿ ਜਾਂਚਕਰਤਾਵਾਂ ਨੂੰ ਅਜੇ ਵੀ ਕਈ ਸਿੱਟਿਆਂ ਤੇ ਪੁੱਹਚਣ ਦੀ ਜ਼ਰੂਰਤ ਹੈ । ਚਸ਼ਮਦੀਦ ਗਵਾਹਾਂ ਨੇ ਦੱਸਿਆ ਕਿ ਇੱਕ ਗੋਰਾ ਆਦਮੀ, ਜਿਸ ਨੇ ਕਾਲੇ ਰੰਗ ਦੇ ਕੱਪੜੇ ਪਾਏ ਹੋਏ ਸੀ, ਨੇ ਦੁਪਹਿਰ ਕਰੀਬ 11 ਵਜੇ ਸਟੋਰ ਦੇ ਪ੍ਰਵੇਸ਼ ਦੁਆਰ ਦੇ ਸਾਹਮਣੇ ਇੱਕ ਰਾਈਫਲ ਨਾਲ ਗੋਲੀਆਂ ਮਾਰੀਆਂ, ਬੰਦੂਕਧਾਰਕ ਨੇ ਪਹਿਲਾਂ ਇੱਕ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਫਿਰ ਬੰਦੂਕਧਾਰਕ ਸਟੋਰ ਵਿਚ ਦਾਖਲ ਹੋਇਆ ਉਥੇ ਉਸਨੇ ਲਗਾਤਾਰ ਗੋਲੀਬਾਰੀ ਕੀਤੀ ਜਿਸ ਦੇ ਸਿਟੇ ਵਜੋਂ 20 ਵਿਆਕਤੀ ਮਾਰੇ ਗਏ ਜਿਨਾਂ ਚ ਬੱਚੇ ਵੀ ਦੱਸੇ ਗਏ ਹਨ ਅਤੇ 26 ਹੋਰ ਜਖਮੀ ਹੋ ਗਏ। ਐਲ ਪਾਸੋ ਦੇ ਪੁਲਿਸ ਮੁਖੀ ਗਰੇਗ ਐਲਨ, ਨੇ ਕਿਹਾ ਕਿ ਅਧਿਕਾਰੀ ਇਕ "ਮੈਨੀਫੈਸਟੋ" ਦੀ ਨਜ਼ਰਸਾਨੀ ਕਰ ਰਹੇ ਹਨ। ਜਿਸਨੂੰ ਮੰਨਿਆਂ ਜਾਂਦਾ ਹੈ ਕਿ ਇਸ ਘਟਨਾਂ ਨੂੰ ਅੰਜਾਮ ਦੇਣ ਤੋਂ ਪਹਿਲਾਂ ਬੰਦੂਕਧਾਰੀ ਵਲੋਂ ਲਿਖਿਆ ਗਿਆ ਸੀ।ਪੁਲੀਸ ਮੁਖੀ ਨੇ ਕਿਹਾ ਕਿ "ਇਸ ਵੇਲੇ ਸਾਡੇ ਕੋਲ ਇਸ ਵਿਅਕਤੀ ਦਾ ਮੈਨੀਫੈਸਟੋ ਹੈ, ਜੋ ਕਿ ਕੁਝ ਹੱਦ ਤੱਕ ਦਰਸਾਉਂਦਾ ਹੈ, ਇਸ ਵਿੱਚ ਸੰਭਾਵਿਤ ਨਫ਼ਰਤ ਦਾ ਹੀ ਨਤੀਜਾ ਹੈ। ਉਸਨੇ ਅੱਗੇ ਕਿਹਾ, ਹਾਲਾਂਕਿ, ਅਧਿਕਾਰੀ ਅਜੇ ਵੀ "ਪ੍ਰਮਾਣਿਤ" ਕਰਨ ਲਈ ਕੰਮ ਕਰ ਰਹੇ ਹਨ ਕਿ ਇਹ ਸ਼ੱਕੀ ਨਿਸ਼ਾਨੇਬਾਜ਼ ਦੁਆਰਾ ਲਿਖਿਆ ਗਿਆ ਸੀ। ਇਹ ਇੱਕ ਪ੍ਰਵਾਸੀ ਵਿਰੋਧੀ ਮੈਨੀਫੈਸਟੋ ਸੀ ਜਿਸ ਵਿੱਚ ਹਿਸਪੈਨਿਕ ਲੋਕਾਂ ਵਿਰੁੱਧ ਹਿੰਸਾ ਨੂੰ ਜਾਇਜ਼ ਠਹਿਰਾਉਣ ਲਈ ਸ਼ਬਦਾਂ ਦੀ ਵਰਤੋਂ ਕੀਤੀ ਗਈ ਸੀ। ਇਸ ਘਟਨਾਂ ਦੌਰਾਨ ਤਿੰਨ ਮੈਕਸੀਕਨ ਲੋਕ ਵੀ ਮਾਰੇ ਗਏ। ਕਰੂਸੀਅਸ ਦੇ ਘਰ ਦੇ ਗੁਆਂਢੀਆਂ ਨੇ ਦੱਸਿਆ ਕਿ ਕਰੂਸੀਅਸ ਆਪਣੇ ਦਾਦਾ-ਦਾਦੀ ਨਾਲ ਰਹਿ ਰਿਹਾ ਸੀ।

ਅਧਿਕਾਰੀ ਫਿਲਹਾਲ ਜਾਂਚ ਨੂੰ ਜਨਤਕ ਤੌਰ ਕਰਨ ਲਈ ਤਿਆਰ ਨਹੀਂ ਕਿਉਂਕਿ ਜਾਂਚ ਅਜੇ ਵੀ ਜਾਰੀ ਹੈ। ਟੈਕਸਾਸ ਦੀ ਪੁਲਿਸ ਅਤੇ ਨਾਲ ਹੀ ਐਫਬੀਆਈ, ਟੈਕਸਸ ਵਿਭਾਗ ਦੇ ਪਬਲਿਕ ਸੇਫਟੀ ਅਤੇ ਸ਼ਰਾਬ, ਤੰਬਾਕੂ, ਫਾਇਰ ਹਥਿਆਰਾਂ ਅਤੇ ਵਿਸਫੋਟਕ ਵਿਭਾਗ ਦੀਆਂ ਏਜੰਸੀਆਂ ਇਸ ਘਟਨਾਂ ਦੀ ਤਫਦੀਸ਼ ਵਿੱਚ ਜੁਟੀਆਂ ਹੋਇਆਂ ਹਨ। 21 ਸਾਲਾ ਪੈਟ੍ਰਿਕ ਕਰੂਸੀਅਸ ਨੇ 2016 ਵਿਚ ਹਾਈ ਸਕੂਲ ਦੀ ਗ੍ਰੈਜੂਏਟ ਕੀਤੀ, ਉਸਨੇ ਕਾਲਜ ਦੇ ਅਨੁਸਾਰ, 2017 ਵਿੱਚ ਕੋਲਿਨ ਕਾਲਜ ਵਿੱਚ ਦਾਖਲਾ ਲਿਆ, ਅਤੇ 2019 ਤਕ ਇੱਕ ਵਿਦਿਆਰਥੀ ਵਜੋਂ ਦਾਖਲਾ ਲਿਆ ਸੀ। ਉਸਦੇ ਕਾਲਜ ਨੇ ਟਵਿੱਟਰ 'ਤੇ ਇਕ ਬਿਆਨ ਵਿਚ ਲਿਖਿਆ, "ਅਸੀਂ ਗੋਲੀਬਾਰੀ ਦੇ ਪੀੜਤਾਂ ਅਤੇ ਉਨ੍ਹਾਂ ਦੇ ਅਜ਼ੀਜ਼ਾਂ ਪ੍ਰਤੀ ਆਪਣੀ ਦਿਲੀ ਚਿੰਤਾ ਜ਼ਾਹਰ ਕਰਨ ਲਈ ਰਾਜਪਾਲ ਅਤੇ ਸਾਰੇ ਟੈਕਸਸ ਦੇ ਨਾਲਹਾਂ।ਟੈਕਸਸ ਦੇ ਗਵਰਨਰ ਗਰੈਗ ਓਬੌਟ ਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਘਟਨਾਂ ਤੇ ਗਹਿਰੇ ਦੁੱਖ ਦਾ ਇਜਹਾਰ ਕੀਤਾ ਹੈ।

# ਅਮਰੀਕਾ 'ਚ ਇੱਕ ਹਫ਼ਤੇ 'ਚ 34 ਮੌਤਾਂ 66 ਜਖਮੀ !







ਕੀ ਬਣੇਗਾ ਅਮਰੀਕਾ ਵਿੱਚ ਹਰਰੋਜ ਹੋ ਰਹੀ ਕਤਲੋਗਾਰਦ ਨੂੰ ਲੈਕੇ..? ਕਿਉਂ ਨਹੀਂ ਗੌਰਮਿੰਟ ਗੰਨ ਕਨੂੰਨ ਨੂੰ ਸਖ਼ਤ ਕਰਦੀ..? ਪਿਛਲੇ ਹਫ਼ਤੇ ਤੋਂ ਲੈਕੇ ਅੱਜ ਤੱਕ ਅਮਰੀਕਾ ਦੇ ਵੱਖੋ ਵੱਖ ਸ਼ਹਿਰਾਂ ਵਿੱਚ ਗੋਰੇ ਅੱਤਵਾਦ ਨੇ ਕਰੀਬ 50 ਦੇ ਕਰੀਬ ਬੇਕਸੂਰ ਲੋਕਾਂ ਦੀਆਂ ਗੋਲੀਆਂ ਮਾਰਕੇ ਜਾਨਾਂ ਲੈ ਲਈਆ। ਗਿੱਲਰੋਆਏ ਕੈਲੇਫੋਰਨੀਆਂ ਵਿੱਚ ਗਾਰਲਕ ਫੈਸੀਵਲ ਦੌਰਾਨ ਨੇਵਾਡਾ ਦੇ 19 ਸਾਲਾ ਕੱਟੜ ਗੋਰੇ ਏ.ਕੇ. 47 ਨਾਲ ਗੋਲੀਆ ਚਲਾਕੇ ਦੋ ਬੱਚਿਆਂ ਅਤੇ ਇੱਕ 25 ਸਾਲ ਦੇ ਵਿਅੱਕਤੀ ਨੂੰ ਮਾਰ ਮੁਕਾਇਆ, ਪਿੱਛੋਂ ਪੁਲਿਸ ਘੇਰੇ ਵਿੱਚ ਆਉਣ ਕਰਕੇ ਆਪਣੇ ਵੀ ਗੋਲੀ ਮਾਰ ਲਈ।

ਇਸੇ ਤਰੀਕੇ ਨਾਲ ਮਿਸੀਸਿੱਪੀ ਸਟੇਟ ਦੇ ਸਾਊਥ-ਹੈਵਿਨ ਸ਼ਹਿਰ ਵਿੱਚ ਕੰਮ ਤੋਂ ਕੱਢੇ ਕਾਮੇ ਨੇ ਸਥਾਨਿਕ ਵਾਲਮ-ਾਰਟ ਵਿੱਚ ਦਾਖਲ ਹੋਕੇ 2 ਕਾਮਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਕੱਲ ਟੈਕਸਾਸ ਸਟੇਟ ਦੇ ਇਲ-ਪਾਸੋ ਸ਼ਹਿਰ ਦੇ ਸਿਆਰਾ ਵਿਸਟਾ ਸ਼ਾਪਿੰਗ ਮਾਲ ਵਿੱਚ 21 ਸਾਲਾ ਕੱਟੜਪੰਥੀ ਗੋਰੇ ਅੱਤਵਾਦ ਨੇ ਮੈਕਸੀਕਨ ਮੂਲ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਤੇ 20 ਦੇ ਕਰੀਬ ਬੇਕਸੂਰੇ ਲੋਕਾਂ ਨੂੰ ਮਾਰ ਮੁਕ-ਾਇਆ ਤੇ 40 ਲੋਕ ਇਸ ਗੋਲੀਬਾਰੀ ਵਿੱਚ ਜਖਮੀਂ ਹੋਏ। ਕਤਲੇਆਮ ਤੋਂ ਪਹਿਲਾਂ ਕਾਤਲ ਨੇ ਸ਼ੋਸ਼ਲ ਮੀਡੀਏ ਤੇ ਚਾਰ ਪੇਜ਼ ਦਾ ਨਫਰਤੀ ਨੋਟ ਵੀ ਛੱਡਿਆਂ, ਇਸ ਕਾਤਲ ਨੂੰ ਪੁਲਿਸ ਨੇ ਜ਼ਿੰਦਾ ਦਬੋਚਿਆ। ਇਸੇ ਤਰਾਂ ਰਾਤੀਂ ਓਹਾਇਓ ਸਟੇਟ ਦੇ ਡੇਟਿੰਨ ਸ਼ਹਿਰ ਦੀ ਇੱਕ ਬਾਰ ਵਿੱਚ ਗੋਲੀਬਾਰੀ ਕਰਕੇ ਇੱਕ ਹੋਰ ਕਾਤਲ ਨੇ 9 ਲੋਕਾਂ ਦੀ ਜਾਨ ਲੈ ਲਈ ਤੇ 26 ਨੂੰ ਜਖਮੀ ਕਰ ਦਿੱਤਾ, ਕਾਤਲ ਆਪ ਵੀ ਪੁਲਿਸ ਦੀ ਗੋਲੀ ਨਾਲ ਮਾਰਿਆਂ ਗਿਆ।

ਇਹਨਾਂ ਸਾਰੀਆਂ ਘਟਨਾਵਾਂ ਵਿੱਚ ਕੁਲ 34 ਜਾਨਾਂ ਗਈਆ ਤੇ 66 ਤੋਂ ਵੱਧ ਲੋਕ ਜਖਮੀ ਹੋਏ ਹਨ। ਆਖਰ ਕਦੋਂ ਤੱਕ ਲੋਕ ਇਸੇ ਤਰਾਂ ਮਰਦੇ ਰਹਿਣਗੇ 'ਤੇ ਗੰਨ ਲਾਬੀ ਸਿਆਸੀ ਪਾਰਟੀਆਂ ਨੂੰ ਫੰਡਿੰਗ ਕਰਕੇ ਕਾਤਲਾਂ ਦੇ ਹੱਥ ਆਟੋਮੈਟਿਕ ਰਾਇਫਲਾਂ ਸੌਂਪੀ ਜਾਵੇਗੀ..? ਜਦੋਂ ਕਿਸੇ ਦੇਸ਼ ਦਾ ਸ਼ਾਸ਼ਕ ਆਪ ਹੀ ਨਸਲੀ ਟਿੱਪਣੀਆਂ ਕਰਦਾ ਹੋਵੇ, ਫਿਰ ਕੱਟੜਪੰਥੀਆਂ ਨੂੰ ਤਾਂ ਸਿਰਫ ਹੱਲਾਸ਼ਰੀ ਹੀ ਕਾਫ਼ੀ ਹੁੰਦੀ ਹੈ। ਕਿਸੇ ਵੀ ਦੇਸ਼, ਜਾਤ-ਧਰਮ ਜਾ ਫ਼ਿਰਕੇ ਅੰਦਰ ਜਦੋਂ ਕੱਟੜਵਾਦਤਾ ਪੈਦਾ ਹੁੰਦੀ ਹੈ ਉਸਦੇ ਨਤੀਜੇ ਬੜੇ ਮਾੜੇ ਹੁੰਦੇ ਨੇ ਖਾਸ ਕਰਕੇ ਘੱਟ ਗਿਣਤੀਆਂ ਲਈ ਬੇਹੱਦ ਘਾਤਕ..!



**– ਗੁਰਿੰਦਰਜੀਤ ਸਿੰਘ**
**'ਨੀਟਾ ਮਾਛੀਕੇ'**

# ਕੱਦਾਵਰ ਨੇਤਾ ਅਤੇ ਰਾਜਨੀਤੀ ਦੀ ਮਾਹਿਰ ਖਿਡਾਰਨ ਸੀ ਸੁਸ਼ਮਾ ਸਵਰਾਜ

ਭਾਜਪਾ ਦੀ ਕੱਦਾਵਰ ਨੇਤਾ ਸੁਸ਼ਮਾ ਸਵਰਾਜ ਦਾ ਦੇਹਾਂਤ ਹੋ ਗਿਆ ਹੈ। ਉਹ ਭਾਜਪਾ 'ਚ ਕਈ ਅਹਿਮ ਅਹੁਦਿਆਂ 'ਤੇ ਰਹੀ। ਪਿਛਲੀਆਂ ਲੋਕ ਸਭਾ ਚੋਣਾਂ 'ਚ ਉਨ੍ਹਾਂਨੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦੇ ਲਈ ਉਨ੍ਹਾਂ ਨੇ ਖ਼ਰਾਬ ਸਿਹਤ ਦਾ ਹਵਾਲਾ ਦਿੱਤਾ ਸੀ।



ਉਨ੍ਹਾਂ ਦਾ ਜਨਮ ਅੰਬਾਲਾ ਛਾਉਣੀ 'ਚ ਹੋਇਆ ਸੀ। ਉਨ੍ਹਾਂ ਨੇ ਐਸਡੀ ਕਾਲਜ ਅੰਬਾਲਾ ਛਾਊਣੀ ਤੋਂ ਬੀਏ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕਾਨੂੰਨ ਦੀ ਡਿਗਰੀ ਲਈ। ਸਿੱਖਿਆ ਪੂਰੀ ਹੋਣ ਪਿੱਛੋਂ ਸੁਸ਼ਮਾ ਨੇ ਜੈਪ੍ਰਕਾਸ਼ ਨਾਰਾਇਣ ਦੇ ਅੰਦੋਲਨ 'ਚ ਵਧ-ਚੜ੍ਹ ਕੇ ਹਿੱਸਾ ਲਿਆ। ਐਮਰਜੈਂਸੀ ਦਾ ਵਿਰੋਧ ਕਰਕੇ ਉਹ ਸਰਗਰਮ ਰਾਜਨੀਤੀ ਦਾ ਹਿੱਸਾ ਬਣ ਗਈ ਸੀ।

ਉਨ੍ਹਾਂ ਦੇ ਪਿਤਾ ਦਾ ਨਾਂ ਹਰਦੇਵ ਸ਼ਰਮਾ ਅਤੇ ਮਾਤਾ ਦਾ ਨਾਂ ਸ੍ਰੀਮਤੀ ਲਕਸ਼ਮੀ ਦੇਵੀ ਸੀ। ਉਨ੍ਹਾਂ ਦੇ ਪਿਤਾ ਆਰਐੱਸਐੱਸ ਦੇ ਪ੍ਰਮੁੱਖ ਮੈਂਬਰ ਰਹੇ ਸਨ। ਸਵਰਾਜ ਦਾ ਪਰਿਵਾਰ ਲਾਹੌਰ ਦੇ ਧਰਮਪੁਰਾ ਇਲਾਕੇ ਦਾ ਰਹਿਣ ਵਾਲਾਸੀ। 23 ਜੁਲਾਈ 1964 ਨੂੰ ਉਨ੍ਹਾਂ ਦਾ ਵਿਆਹ ਸਵਰਾਜ ਕੌਸ਼ਲ ਨਾਲ ਹੋਇਆ ਜੋ ਸੁਪਰੀਮ ਕੋਰਟ 'ਚ ਉਨ੍ਹਾਂ ਦੇ ਸਹਿਕਰਮੀ ਸਨ। ਕੌਸ਼ਲ ਬਾਅਦ 'ਚ ਰਾਜ ਸਭਾ ਮੈਂਬਰ ਵੀ ਰਹੇ ਅਤੇ ਇਸ ਤੋਂ ਇਲਾਵਾ ਉਹ ਮਿਜ਼ੋਰਮ ਰਾਜ ਦੇ ਰਾਜਪਾਲ ਵੀ ਰਹਿ ਚੁੱਕੇ ਹਨ। ਸਵਰਾਜ ਜੋੜੇ ਦੀ ਇਕ ਪੁੱਤਰੀ ਹੈ, ਜੋ ਲੰਡਨ ਦੇ ਇਨਰ ਟੈਂਪਲ 'ਚ ਵਕਾਲਤ ਕਰ ਰਹੀ ਹੈ।

60 ਦੇ ਦਹਾਕੇ 'ਚ ਉਹ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਗਈ। ਉਹ 1966 ਤੋਂ 1990 ਤੱਕ ਅੰਬਾਲਾ ਛਾਊਣੀ ਤੋਂ ਵਿਧਾਇਕ ਰਹੀ ਅਤੇ ਭਾਜਪਾ-ਲੋਕਦਲ ਸੰਯੁਕਤ ਸਰਕਾਰ 'ਚ ਸਿੱਖਿਆ ਮੰਤਰੀ ਬਣੀ। ਅਪ੍ਰੈਲ 1990 'ਚ ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਵਜੋਂ ਚੁਣਿਆ ਗਿਆ। 1996 'ਚ ਉਨ੍ਹਾਂ ਨੇ ਦੱਖਣੀ ਦਿੱਲੀ ਸੰਸਦੀ ਖੇਤਰ ਤੋਂ ਚੋਣ ਜਿੱਤੀ ਅਤੇ 13 ਦਿਨ ਦੀ ਵਾਜਪਾਈ ਸਰਕਾਰ 'ਚ ਸੂਚਨਾ ਅਤੇ ਪ੍ਰਸਾਰਣ ਮੰਤਰੀ ਵਜੋਂ ਜ਼ਿੰਮੇਵਾਰੀ ਸੰਭਾਲੀ।ਮਾਰਚ 1996 'ਚ ਉਨ੍ਹਾਂ ਨੇ ਦੱਖਣੀ ਦਿੱਲੀ ਸੰਸਦੀ ਖੇਤਰ ਨੂੰ ਇਕ ਵਾਰ ਫਿਰ ਫਤਹਿ ਕੀਤਾ। ਇਸ ਵਾਰ ਉਹ ਫਿਰ ਵਾਜਪਾਈ ਸਰਕਾਰ 'ਚ ਦੂਰਸੰਚਾਰ ਮੰਤਰਾਲੇ ਦੇ ਵਧੀਕ ਪ੍ਰਭਾਰ ਨਾਲ ਸੂਚਨਾ ਤੇ ਪ੍ਰਸਾਰਣ ਮੰਤਰੀ ਬਣੀ। 11 ਮਾਰਚ 1996 ਤੋਂ 12 ਅਕਤੂਬਰ 1996 ਤੱਕ ਉਹ ਇਸ ਅਹੁਦੇ 'ਤੇ ਰਹੀ।


ਅਕਤੂਬਰ 1996 'ਚ ਉਨ੍ਹਾਂ ਨੇ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫ਼ਾ ਦੇ ਦਿੱਤਾ, ਅਤੇ 12 ਅਕਤੂਬਰ 1996 ਨੂੰ ਦਿੱਲੀ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਦੇ ਰੂਪ 'ਚ ਸਹੁੰ ਚੁੱਕੀ। 3 ਦਸੰਬਰ 1996 ਨੂੰ ਉਨ੍ਹਾਂ ਨੇ ਆਪਣੀ ਵਿਧਾਨ ਸਭਾ ਸੀਟ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਰਾਸ਼ਟਰੀ ਰਾਜਨੀਤੀ 'ਚ ਵਾਪਸ ਆ ਗਈ। ਸਤੰਬਰ 1999 'ਚ ਉਨ੍ਹਾਂ ਨੇ ਕਰਨਾਟਕ ਦੇ ਬੇਲਾਰੀ ਚੋਣ ਖੇਤਰ ਤੋਂ ਕਾਂਗਰਸ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਸੋਨੀਆ ਖ਼ਿਲਾਫ਼ ਚੋਣ ਲੜੀ ਸੀ। ਆਪਣੇ ਚੋਣ ਅਭਿਆਨ 'ਚ ਉਨ੍ਹਾਂ ਨੇ ਸਥਾਨਕ ਕੰਨੜ ਭਾਸ਼ਾ 'ਚ ਵੀ ਜਨਤਕ ਬੈਠਕਾਂ ਨੂੰ ਸੰਬੋਧਨ ਕੀਤਾ ਸੀ। ਹਾਲਾਂਕਿ ਉਨ੍ਹਾਂ ਨੂੰ ਹਾਰ ਮਿਲੀ ਸੀ।

ਸੰਨ 2000 'ਚ ਉਹ ਉੱਤਰ ਪ੍ਰਦੇਸ਼ ਤੋਂ ਰਾਜ ਸਭਾ ਮੈਂਬਰ ਚੁਣੀ ਗਈ। ਸੁਸ਼ਮਾ ਸਵਰਾਜ ਨੂੰ ਮੁੜ ਕੇਂਦਰੀ ਮੰਤਰੀ ਮੰਡਲ 'ਚ ਸੂਚਨਾ ਅਤੇ ਪ੍ਰਸਾਰਨ ਮੰਤਰੀ ਦੇ ਰੂਪ 'ਚ ਸ਼ਾਮਲ ਕੀਤਾ ਗਿਆ। ਇਸ ਅਹੁਦੇ 'ਤੇ ਉਹ ਸਤੰਬਰ 2000 ਤੋਂ ਜਨਵਰੀ 2003 ਤੱਕ ਰਹੇ। ਸਾਲ 2003 'ਚ ਉਨ੍ਹਾਂ ਨੂੰ ਸਿਹਤ, ਪਰਿਵਾਰ ਕਲਿਆਣ ਅਤੇ ਸੰਸਦੀ ਮਾਮਲਿਆਂ ਦਾ ਮੰਤਰੀ ਬਣਾਇਆ ਗਿਆ।

ਸਾਲ 2006 'ਚ ਸਵਰਾਜ ਮੱਧ ਪ੍ਰਦੇਸ਼ ਰਾਜ ਸਭਾ 'ਚ ਤੀਜੇ ਕਾਰਜਕਾਲ ਲਈ ਚੁਣੀ ਗਈ। ਇਸ ਤੋਂ ਬਾਅਦ 2007 'ਚ ਉਹ ਮੱਧ ਪ੍ਰਦੇਸ਼ ਦੇ ਵਿਦਿਸ਼ਾ ਲੋਕ ਸਭਾ ਹਲਕੇ ਤੋਂ 4 ਲੱਖ ਤੋਂ ਵੱਧ ਵੋਟਾਂਨਾਲ ਜਿੱਤੀ। ਸਾਲ 2014 'ਚ ਉਹ ਵਿਦਿਸ਼ਾ ਲੋਕਸਭਾ ਹਲਕੇ ਤੋਂ ਦੁਬਾਰਾ ਲੋਕ ਸਭਾ ਲਈ ਸੰਸਦ ਮੈਂਬਰ ਚੁਣੀ ਗਈ ਅਤੇ ਉਨ੍ਹਾਂ ਨੂੰ ਭਾਰਤੀ ਦੀ ਪਹਿਲੀ ਮਹਿਲਾ ਵਿਦੇਸ਼ ਮੰਤਰੀ ਹੋਣ ਦਾ ਮਾਣ ਪ੍ਰਾਪਤ ਹੋਇਆ।

# ਚੰਦਰਮਾ ਅਤੇ ਬੁੱਧ 'ਤੇ ਹੋ ਸਕਦੀ ਹੈ ਅਨੁਮਾਨ ਤੋਂ ਜ਼ਿਆਦਾ ਬਰਫ਼

**ਵਾਸ਼ਿੰਗਟਨ–** ਸੂਰਜ ਦੇ ਸਭ ਤੋਂ ਨਜ਼ਦੀਕ ਸਥਿਤ ਗ੍ਰਹਿ ਬੁੱਧ ਤੇ ਚੰਦਰਮਾ 'ਤੇ ਹੁਣ ਤਕ ਦੇ ਅਨੁਮਾਨ ਤੋਂ ਜ਼ਿਆਦਾ ਬਰਫ਼ ਮੌਜੂਦ ਹੋ ਸਕਦੀ ਹੈ। ਮੈਰੀਲੈਂਡ ਸਥਿਤ ਨਾਸਾ ਦੇ ਗੋਡਾਰਡ ਸਪੇਸ ਫਲਾਈਟ ਸੈਂਟਰ 'ਚ ਲੂਨਰ ਰੀਕਾਨਿਸੰਸ ਆਰਬਿਟਰ ਪ੍ਰਾਜੈਕਟ ਨਾਲ ਜੁੜੇ ਸ਼ੋਧਕਰਤਾ ਨੋਆ ਪੈਟ੍ਰੋ ਨੇ ਇਹ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ, 'ਚੰਦਰਮਾ 'ਤੇ ਬਰਫ਼ ਦੇ ਭੰਡਾਰ ਹੋਣ ਦੀ ਪੁਸ਼ਟੀ ਹੋ ਜਾਵੇ ਤਾਂ ਇਸ ਤੋਂ ਅਗਲੇ ਚੰਦਰ ਮਿਸ਼ਨ 'ਚ ਫਾਇਦਾ ਮਿਲੇਗਾ। ਇਸ ਨਾਲ ਚੰਦਰਮਾ 'ਤੇ ਲੰਬੀ ਮਿਆਦ ਲਈ ਮਾਨਵ ਮਿਸ਼ਨ ਭੇਜਣਾ ਆਸਾਨ ਹੋ ਜਾਵੇਗਾ।



ਧਰਤੀ 'ਤੇ ਮੌਜੂਦ ਟੈਲੀਸਕੋਪ ਤੇ ਰਡਾਰ ਨੇ ਪਹਿਲਾਂ ਹੀ ਬੁੱਧ 'ਤੇ ਹਿਮਨਦ ਵਰਗੇ ਬਰਫ਼ ਦੇ ਭੰਡਾਰ ਹੋਣ ਦਾ ਪਤਾ ਲਗਾਇਆ ਸੀ। ਬਾਅਦ 'ਚ ਨਾਸਾ ਦੇ ਮਰਕਰੀ ਸਰਫੇਸ, ਸਪੇਸ ਇਨਵਾਇਰਮੈਂਟ, ਜੀਓਕੈਮਿਸਟਰੀ ਐਂਡ ਰੇਂਜਿੰਗ ਯਾਨ (ਮੈਸੰਜਰ) ਨੇ ਇਨ੍ਹਾਂ ਭੰਡਾਰਾਂ ਦੀਆਂ ਤਸਵੀਰਾਂ ਵੀ ਉਤਾਰੀਆਂ ਸਨ। ਚੰਦਰਮਾ 'ਤੇ ਹਾਲਾਂਕਿ ਹੁਣ ਤਕ ਅਜਿਹੇ ਕਿਸੇ ਭੰਡਾਰ ਦਾ ਪਤਾ ਨਹੀਂ ਲੱਗਾ ਸੀ। ਯੂਨੀਵਰਸਿਟੀ ਆਫ ਕੈਲੀਫੋਰਨੀਆ 'ਚ ਹੋਏ ਨਵੇਂ ਅਧਿਐਨ 'ਚ ਚੰਦਰਮਾ 'ਤੇ ਵੀ ਬਰਫ਼ ਦਾ ਭੰਡਾਰ ਹੋਣ ਦੀ ਗੱਲ ਸਾਹਮਣੇ ਆਈ ਹੈ। ਨੇਚਰ ਜੀਓਸਾਇੰਸ ਨਾਂ ਦੀ ਪੱਤਰਕਾ 'ਚ ਛਪੇ ਸ਼ੋਧ ਮੁਤਾਬਕ ਬਰਫ਼ ਦੇ ਸੰਭਾਵੀ ਭੰਡਾਰ ਚੰਦਰਮਾ ਤੇ ਬੁੱਧ ਦੇ ਧਰੁਵਾਂ ਨੇੜੇ ਸਥਿਤ ਖੱਡਿਆਂ 'ਚ ਹੋ ਸਕਦੇ ਹਨ। ਮੁੱਖ ਸ਼ੋਧਕਰਤਾ ਲਿਓਰ ਰੁਬੇਨੇਂਕੋ ਨੇ ਕਿਹਾ, 'ਚੰਦਰਮਾ ਦੇ ਦੱਖਣੀ ਧਰੁਵ ਦੀ ਸਤਹਿ 'ਤੇ ਪਹਿਲਾਂ ਵੀ ਬਰਫ਼ ਹੋਣ ਦਾ ਪਤਾ ਲੱਗਾ ਸੀ। ਹੁਣ ਉੱਥੇ ਕੁਝ ਛਿਛਲੇ ਖੱਡੇ ਮਿਲੇ ਹਨ। ਸਾਡਾ ਅਨੁਮਾਨ ਹੈ ਕਿ ਉਨ੍ਹਾਂ ਖੱਡਿਆਂ ਦਾਨ ਛਿਛਲਾਪਨ ਸ਼ਾਇਦ ਬਰਫ਼ ਦੇ ਭੰਡਾਰ ਕਾਰਨ ਹੀ ਹੈ।' ਬੁੱਧ ਤੇ ਚੰਦਰਮਾ ਆਪਣੇ ਧੁਰਿਆਂ 'ਤੇ ਇਸ ਤਰ੍ਹਾਂ ਘੁੰਮਦੇ ਹਨ ਕਿ ਉਨ੍ਹਾਂ ਦੇ ਧਰੁਵ 'ਤੇ ਸੂਰਜ ਦੀ ਰੋਸ਼ਨੀ ਠੀਕ ਤਰ੍ਹਾਂ ਨਹੀਂ ਪਹੁੰਚਦੀ। ਇਸੇ ਕਾਰਨ ਕਈ ਦਹਾਕਿਆਂ ਤੋਂ ਮੰਨਿਆ ਜਾਂਦਾ ਰਿਹਾ ਹੈ ਕਿ ਉੱਥੇ ਮੌਜੂਦ ਬਰਫ਼ ਦੇ ਭੰਡਾਰ ਅਰਬਾਂ ਸਾਲ ਤਕ ਸੁਰੱਖਿਅਤ ਰਹਿ ਸਕਦੇ ਹਨ।

# 15ਵੇਂ ਵਿਸ਼ਵ ਕਬੱਡੀ ਕੱਪ 'ਚ ਹੋਣਗੇ ਫਸਵੇਂ ਮੁਕਾਬਲੇ- ਗਾਖਲ

## ਭਾਈਚਾਰਕ ਏਕਤਾ ਦੀ ਮਿਸਾਲ ਬਣੇਗਾ ਕਬੱਡੀ ਕੱਪ- ਮੱਖਣ ਬੈਂਸ

**ਵਾਟਸਨਵਿੱਲ (ਬਿਓਰੋ)–** 15 ਸਤੰਬਰ ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਹੋਣ ਵਾਲੇ ਯੁਨਾਈਟਡ ਸਪੋਰਟਸ ਕਲੱਬ ਦੇ 15ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਉਪਰੰਤ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ ਅਤੇ ਉਪ ਚੇਅਰਮੈਨ ਸ. ਇਕਬਾਲ ਸਿੰਘ ਗਾਖਲ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦਿਹਾੜੇ ਨੂੰ ਸਮਰਪਿਤ ਇਹ ਕਬੱਡੀ ਕੱਪ ਨਸ਼ਾ ਮੁਕਤ ਹੋਵੇਗਾ ਜਿਸ ਵਿਚ ਵਿਸ਼ਵ ਦੇ ਨਾਮੀ ਕਬੱਡੀ ਖਿਡਾਰੀ ਨਾ ਸਿਰਫ ਕਬੱਡੀ ਦੇ ਬਿਹਤਰੀਨ ਰੰਗਾਂ ਦੀ ਪ੍ਰਦਰਸ਼ਨੀ ਕਰਨਗੇ ਸਗੋਂ ਇਹ ਮੇਲਾ ਭਾਈਚਾਰਕ ਸਾਂਝ ਦੀ ਵੀ ਇਕ ਅਹਿਮ ਕੜੀ ਹੋਵੇਗਾ।

ਉਨ੍ਹਾਂ ਸਮੂਹ ਪੰਜਾਬੀ ਭਾਈਚਾਰੇ ਅਤੇ ਕਬੱਡੀ ਦੇ ਪ੍ਰਸ਼ੰਸ਼ਕਾਂ, ਹਮਦਰਦਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਆਓ ਇਸ ਕਬੱਡੀ ਕੱਪ ਨੂੰ ਹੀ ਇਤਿਹਾਸਕ ਬਣਾਉਣ ਲਈ ਹੁੰਮ ਹੁਮਾ ਕੇ 15 ਸਤੰਬਰ ਨੂੰ ਲੋਗਨ ਹਾਈ ਸਕੂਲ ਪਹੁੰਚੀਏ ਅਤੇ ਖੁਦ ਵੀ ਪ੍ਰਣ ਕਰੀਏ ਕਿ ਕਿਸੇ ਵੀ ਪ੍ਰਕਾਰ ਦਾ ਨਸ਼ਾ ਕਰਕੇ ਖੇਡ ਮੇਲੇ 'ਚ ਸ਼ਮੂਲੀਅਨ ਨਹੀਂ ਕਰਨਗੇ। ਕਿਉਂਕਿ ਚਾਹ ਪਕੌੜਿਆਂ ਦੀ ਸੇਵਾ ਰਾਜਾ ਸਵੀਟਸ ਵਲੋਂ ਹੋਵੇਗੀ ਅਤੇ ਗੁਰੂਘਰਾਂ ਵਲੋਂ ਗੁਰੂ ਕਾ ਅਤੁੱਟ ਲੰਗਰ ਵਰਤੇਗਾ।





ਸ. ਮੱਖਣ ਸਿੰਘ ਧਾਲੀਵਾਲ ਨੇ ਇਸ ਕਬੱਡੀ ਕੱਪ ਦੀ ਇਕ ਹੋਰ ਵਿਸ਼ੇਸ਼ਤਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਚਾਰੇ ਟੀਮਾਂ ਸੰਤੁਲਿਤ ਹੋਣਗੀਆਂ ਅਤੇ ਦਰਸ਼ਕਾਂ ਨੂੰ ਫਸਵੇਂ ਮੁਕਾਬਲੇ ਵੇਖਣ ਨੂੰ ਮਿਲਣਗੇ। ਸਾਰੀਆਂ ਟੀਮਾਂ ਬਰਾਬਰ ਸਟਾਰ ਖਿਡਾਰੀਆਂ ਵਾਲੀਆਂ ਹੋਣਗੀਆਂ ਅਤੇ ਦਰਸ਼ਕਾਂ ਨੂੰ ਤਕੜੇ ਮੈਚ ਦੇਖਣ ਲਈ ਮਿਲਣਗੇ।

ਸਮੁੱਚੇ ਰੂਪ ਵਿਚ ਯੂਨਾਈਟਡ ਸਪੋਰਟਸ ਕਲੱਬ ਵਲੋਂ ਸ. ਗਾਖਲ ਅਤੇ ਸ. ਬੈਂਸ ਨੇ ਬੇਨਤੀ ਕੀਤੀ ਕਿ ਸਾਰੇ ਮਤਭੇਦ ਅਤੇ ਗਿਲੇ ਸ਼ਿਕਵੇ ਭੁਲਾ ਕੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੀ ਬਿਹਤਰੀ ਅਤੇ ਭਾਈਚਾਰਕ ਏਕਤਾ ਤੇ ਇਕਜੁੱਟਤਾ ਦੀ ਮਿਸਾਲ ਕਾਇਮ ਕਰਨ ਲਈ ਇਸ ਦਿਨ ਨੂੰ ਯਾਦਗਾਰੀ ਬਣਾਈਏ।

# ਸੂਫੀ ਗਾਇਕ ਸਤਿੰਦਰ ਸਰਤਾਜ ਫਰਿਜ਼ਨੋ ਵਿਖੇ 18 ਅਗਸਤ ਨੂੰ ਲਾਏਗਾ ਗੀਤਾਂ ਦੀ ਛਹਿਬਰ

**ਫਰਿਜ਼ਨੋ (ਕੈਲੇਫੋਰਨੀਆ) – ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਫਰਿਜ਼ਨੋ ਦੇ ਨੇੜਲੇ ਸ਼ਹਿਰ ਕਲੋਵਸ ਦੇ ਕਲੋਵਸ ਯੂਨੀਫਾਈਡ ਸਕੂਲ ਡਿੱਸਟਰਿੱਕ ਦੇ ਪ੍ਰਫੌਰਮਿੰਗ ਆਰਟਸ ਸੈਂਟਰ ਵਿੱਚ ਸੂਫ਼ੀ ਗਾਇਕ ਸਤਿੰਦਰ ਸਰਤਾਜ 18 ਅਗਸਤ ਦਿਨ ਐਤਵਾਰ ਨੂੰ ਸ਼ਾਮ 7 ਵਜੇ ਤੋਂ 10 ਵਜੇ ਤੱਕ ਲਾਈਵ ਪ੍ਰੋਗਰਾਮ ਰਾਹੀਂ ਫਰਿਜਨੋ ਏਰੀਏ 'ਚ ਵਸਦੇ ਪੰਜਾਬੀਆਂ ਦਾ ਆਪਣੇ ਮਿਆਰੀ ਗੀਤਾਂ ਰਾਹੀਂ



ਮਨੋਰੰਜਨ ਕਰਨਗੇ। ਇਹ ਆਰਟਸ ਸੈਂਟਰ 2770 ਈਸਟ ਇੰਟਰਨੈਸ਼ਨਲ ਐਵੇਨਿਊ ਕਲੋਵਸ 'ਤੇ ਸਥਿਤ ਹੈ। ਪ੍ਰਬੰਧਕ ਵੀਰਾਂ ਨੇ ਦੱਸਿਆ ਕਿ ਇਹ ਇੱਕ ਪਰਿਵਾਰਕ ਸ਼ੋਅ ਹੋਵੇਗਾ, ਇਸ ਮੌਕੇ ਸਕਿਉਰਟੀ ਦੇ ਪੁੱਖਤਾ ਪ੍ਰਬੰਧ ਹੋਣਗੇ।ਵਧੇਰੇ ਜਾਣਕਾਰੀ ਲਈ ਸੰਪਰਕ ਨੰਬਰ 559-312-4428, 559-351-6592, 559-708-9335, 559-333-5776.

# ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਹੇ ਭਾਰਤ ਸਮੇਤ 17 ਦੇਸ਼

ਵਾਸ਼ਿੰਗਟਨ– ਭਾਰਤ ਸਮੇਤ ਦੁਨੀਆ ਦੇ 17 ਦੇਸ਼ ਇਸ ਸਮੇਂ ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਹੇ ਹਨ। ਜੇਕਰ ਇਸ ਸਮੱਸਿਆ 'ਤੇ ਧਿਆਨ ਨਹੀਂ ਦਿੱਤਾ ਗਿਆ ਤਾਂ ਛੇਤੀ ਹੀ ਇਨ੍ਹਾਂ ਦੇਸ਼ਾਂ 'ਚ ਪਾਣੀ ਦੀ ਇਕ ਬੂੰਦ ਵੀ ਨਹੀਂ ਬਚੇਗੀ। ਦ ਵਰਲਡ ਰਿਸੋਰਸ ਇੰਸਟੀਚਿਊਟ (ਡਬਲਿਊ ਆਰ ਆਈ) ਨੇ ਆਪਣੀ ਇਕ ਰਿਪੋਰਟ 'ਚ ਇਸ ਖ਼ਤਰੇ ਪ੍ਰਤੀ ਸਾਵਧਾਨ ਕੀਤਾ ਹੈ। ਡਬਲਿਊਆਰਆਈ ਨੇ ਪਾਣੀ ਦੀ ਕਮੀ, ਹੜ੍ਹ ਤੇ ਸੋਕੇ ਦੇ ਖ਼ਤਰੇ ਦੇ ਆਧਾਰ 'ਤੇ 189 ਦੇਸ਼ਾਂ ਤੇ ਉਨ੍ਹਾਂ ਦੇ ਸੂਬਿਆਂ ਨੂੰ ਆਪਣੀ ਸੂਚੀ 'ਚ ਵੱਖ-ਵੱਖ ਸਥਾਨ 'ਤੇ ਰੱਖਿਆ ਹੈ। ਜਲ ਸੰਕਟ ਦੇ ਮਾਮਲੇ 'ਚ ਭਾਰਤ 13ਵੇਂ ਸਥਾਨ 'ਤੇ ਹੈ। ਭਾਰਤ ਲਈ ਇਸ ਮੋਰਚੇ 'ਤੇ ਚੁਣੌਤੀ ਵੱਡੀ ਹੈ ਕਿਉਂਕਿ ਉਸ ਦੀ ਆਬਾਦੀ ਜਲ ਸੰਕਟ ਦਾ ਸਾਹਮਣਾ ਕਰ ਰਹੇ ਹੋਰਨਾਂ 16 ਦੇਸ਼ਾਂ ਤੋਂ ਤਿੰਨ ਗੁਣਾ ਜ਼ਿਆਦਾ ਹੈ।



ਰਿਪੋਰਟ 'ਚ ਜਲ ਸੰਕਟ ਦੀ ਪਛਾਣ ਲਈ 13 ਸੰਕੇਤਕਾਂ ਦੀ ਵਰਤੋਂ ਕੀਤੀ ਗਈ। ਇਨ੍ਹਾਂ 'ਚ ਭੂ-ਜਲ ਭੰਡਾਰ ਤੇ ਉਸ 'ਚ ਆ ਰਹੀ ਕਮੀ ਵੀ ਸ਼ਾਮਲ ਸਨ। ਰਿਪੋਰਟ ਮੁਤਾਬਕ, ਉੱਤਰੀ ਭਾਰਤ ਦੇ ਸਾਬਕਾ ਸਕੱਤਰ ਤੇ ਡਬਲਿਊਆਰਆਈ ਇੰਡੀਆ ਦੇ ਮੈਂਬਰ ਸ਼ਸ਼ੀ ਸ਼ੇਖਰ ਨੇ ਕਿਹਾ, 'ਹਾਲੀਆ ਹੀ ਚੇਨਈ ਦੇ ਜਲ ਸੰਕਟ ਨੇ ਪੂਰੀ ਦੁਨੀਆ ਦਾ ਧਿਆਨ ਖਿੱਚਿਆ ਸੀ। ਇਸ ਤੋਂ ਇਲਾਵਾ ਵੀ ਭਾਰਤ ਦੇ ਕਈ ਹਿੱਸਿਆਂ 'ਚ ਪਾਣੀ ਦੀ ਕਮੀ ਦੀ ਸਮੱਸਿਆ ਲਗਾਤਾਰ ਵਧ ਰਹੀ ਹੈ।' ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਬਾਰਿਸ਼ ਜਲ, ਭੂ-ਜਲ ਤੇ ਨਦੀਆਂ 'ਚ ਮੌਜੂਦਾ ਜਲ ਦੇ ਅੰਕੜਿਆਂ ਦੇ ਆਧਾਰ 'ਤੇ ਸਟੀਕ ਰਣਨੀਤੀ ਬਣਾ ਕੇ ਜਲ ਸੰਕਟ ਨਾਲ ਨਿਪਟ ਸਕਦਾ ਹੈ। ਡਬਲਿਊਆਰਆਈ ਦੇ ਸੀਈਓ ਐਂਡਰਿਊ ਸਟੀਰ ਨੇ ਕਿਹਾ, 'ਪਾਣੀ ਦੀ ਕਮੀ ਗੰਭੀਰ ਸੰਕਟ ਹੈ ਜਿਸ 'ਤੇ ਕੋਈ ਗੱਲ ਨਹੀਂ ਹੋ ਰਹੀ।'

# ਨਾਸਾ ਨੇ ਸੌਰ ਮੰਡਲ ਨੇੜੇ ਲੱਭਿਆ ਪਹਿਲਾ 'ਸੁਪਰ ਅਰਥ'

**ਵਾਸ਼ਿੰਗਟਨ–** ਨਾਸਾ ਦੇ ਵਿਗਿਆਨੀਆਂ ਨੇ ਅਜਿਹੀਆਂ ਵਿਸ਼ੇਸ਼ਤਾਵਾਂ ਵਾਲਾ ਪਹਿਲਾ ਗ੍ਰਹਿ ਲੱਭਿਆ ਹੈ, ਜੋ ਰਹਿਣ ਯੋਗ ਹੋ ਸਕਦਾ ਹੈ। ਇਹ ਗ੍ਰਹਿ ਸਾਡੇ ਸੌਰ ਮੰਡਲ ਦੇ ਬਾਹਰ ਮਿਲਿਆ ਹੈ। ਇਸ ਬਾਰੇ ਜਾਣਕਾਰੀ ਜਲਦ ਹੀ ਆਨਲਾਈਨ ਕੀਤੀ ਜਾਵੇਗੀ।

ਆਓ ਜਾਣਦੇ ਹਾਂ ਇਸ ਨਾਲ ਜੁੜੇ ਹੋਰ ਵੀ ਰੋਚਕ ਖੁਲਾਸੇ। ਇਹ ਸਾਡੀ ਧਰਤੀ ਤੋਂ ਕਰੀਬ 31 ਪ੍ਰਕਾਸ਼ ਵਰ੍ਹੇ ਦੂਰ ਹੈ। ਇਸ 'ਸੁਪਰ ਅਰਥ' ਗ੍ਰਹਿ ਨੂੰ ਜੀਜੇ 357-ਡੀ ਨਾਂ ਦਿੱਤਾ ਗਿਆ ਹੈ। ਇਸ ਗ੍ਰਹਿ ਦੀ ਖੋਜ ਨਾਸਾ ਦੇ ਸੈਟੇਲਾਈਟ ਰਾਹੀਂ ਕੀਤੀ ਗਈ ਹੈ।

ਟ੍ਰਾਂਜ਼ਿਟਿੰਗ ਐਕਸੋਪਲੈਨੈਂਟ ਸਰਵੇ ਸੈਟੇਲਾਈਟ (ਟੀਈਐੱਸਐੱਸ) ਇਕ ਪੁਲਾੜ ਟੈਲੀਸਕੋਪ ਹੈ। ਇਸ ਨੂੰ ਨਾਸਾ ਨੇ ਗ੍ਰਹਿਆਂ ਦੀ ਖੋਜ ਲਈ 18 ਅਪ੍ਰੈਲ, 2018 ਨੂੰ ਲਾਂਚ ਕੀਤਾ ਸੀ। ਇਹ ਸੈਟੇਲਾਈਟ ਦੋ ਸਾਲ ਤਕ ਕੰਮ ਕਰਦਾ ਰਹੇਗਾ। ਐਸਟ੍ਰੋਫਿਜੀਕਲ ਜਰਨਲ ਲੈਟਰਜ਼ 'ਚ ਛਪੇ ਅਧਿਐਨ ਅਨੁਸਾਰ, ਨਾਸਾ ਦੇ ਟ੍ਰਾਂਜ਼ਿਟਿੰਗ ਐਕਸੋਪਲੈਨੈਂਟ ਸਰਵੇ ਸੈਟੇਲਾਈਟ ਜ਼ਰੀਏ ਇਸ ਸਾਲ ਦੇ ਸ਼ੁਰੂ 'ਚ ਜੀਜੇ 357-ਡੀ ਨਾਂ ਦੇ ਗ੍ਰਹਿ ਨੂੰ ਲੱਭਿਆ ਗਿਆ ਸੀ। ਇਸ 'ਤੇ ਜੀਵਨ ਦੀ ਸੰਭਾਵਨਾ ਹੋ ਸਕਦੀ ਹੈ। ਜੀਜੇ 357-ਡੀ 'ਤੇ ਜੇਕਰ ਜੀਵਨ ਦਾ ਕੋਈ ਸੰਕੇਤ ਮਿਲਦਾ ਹੈ ਤਾਂ ਇੱਥੇ ਹਰ ਕਿਸੇ ਨੂੰ ਆਉਣ ਦੀ ਚਾਹ ਹੋਵੇਗੀ।'




BERKSHIRE HATHAWAY
Home Services
ELITE REAL ESTATE

Shangara Ram
Realtor CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu



ਡਾਕਟਰ ਸੱਤਪਾਲ ਬਾਲੂ ਦੇ ਹੋਣਹਾਰ ਸਪੁੱਤਰ ਅਤੇ ਸ੍ਰੀ ਦਿਨੇਸ਼ ਕਰੀਹਾ (ਜਿਲਾ ਸਿਖਿਆ ਅਧਿਕਾਰੀ) ਦੇ ਭਤੀਜੇ ਅਸ਼ੀਸ਼ ਬਾਲੂ, ਜਿਸ ਦੀ ਬੀਤੇ ਦਿਨੀਂ ਕੈਨੇਡਾ ਵਿਚ ਮੋਤ ਹੋ ਗਈ ਸੀ, ਉਹਨਾਂ ਦੀ ਅੰਤਿਮ ਅਰਦਾਸ ਵਿਚ ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਲਈ ਪਿੰਡ ਕਰੀਹਾ (ਹਲਕਾ ਨਵਾਸ਼ਹਿਰ) ਪਹੁੰਚੇ ਬਸਪਾ ਦੇ ਉਘੇ ਆਗੂ ਪ੍ਰਵੀਨ ਬੰਗਾ ।

# ਨਿਊਜ਼ੀਲੈਂਡ 'ਚ ਭਾਰਤੀ ਮੂਲ ਦੇ ਸਾਬਕਾ ਗਵਰਨਰ ਜਨਰਲ ਰਹੇ ਸਰ ਅਨੰਦ ਸਤਿਆਨੰਦ ਬਣੇ ਯੂਨੀਵਰਸਿਟੀ ਚਾਂਸਲਰ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਭਾਰਤੀਆਂ ਦੀ ਆਮਦ ਨੂੰ 130 ਸਾਲ ਢੁੱਕਣ ਲੱਗੇ ਹਨ ਇਸ ਦੌਰਾਨ ਇਨ੍ਹਾਂ ਦੀਆਂ ਪ੍ਰਾਪਤੀਆਂ ਦਾ ਢੇਰ ਵੀ ਐਨੀ ਉਚੀ ਟੀਸੀ ਕੱਢ ਗਿਆ ਹੈ ਕਿ ਦੇਸ਼ ਦੇ ਸਰਵ-ਉਚ ਅਹੁਦੇ ਗਵਰਨਰ ਜਨਰਲ ਉਤੇ ਫੀਜ਼ੀਅਨ ਭਾਰਤੀ ਮੂਲ ਦੇ ਸਰ ਅਨੰਦ ਸਤਿਆਨੰਦ ਅਗਸਤ 2006 ਤੋਂ ਅਗਸਤ 2011 ਤੱਕ ਇਥੇ 11ਵੇਂ ਗਵਰਨਰ ਜਨਰਲ ਵਜੋਂ ਸੇਵਾ ਨਿਭਾਅ ਚੁਕੇ ਹਨ। ਜੀਵਨ ਕਾਲ ਵਿਚ ਕਿੱਤੇ ਵਜੋਂ ਵਕੀਲ, ਜੱਜ ਅਤੇ ਲੋਕਪਾਲ ਰਹੇ ਸਰ ਅਨੰਦ ਸਤਿਆਨੰਦ ਨੂੰ ਭਾਰਤ ਸਰਕਾਰ ਨੇ ਜਨਵਰੀ 2011 ਦੇ ਵਿਚ 9ਵੇਂ ਪ੍ਰਵਾਸੀ ਦਿਵਸ ਮੌਕੇ 'ਪ੍ਰਵਾਸੀ ਭਾਰਤੀਆ ਸਨਮਾਨ ਐਵਾਰਡ' ਦੇ ਨਾਲ ਸਨਮਾਨਿਆ ਸੀ। ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਇਹ ਸਨਮਾਨ ਦਿੱਤਾ ਸੀ। ਅੱਜ 75 ਸਾਲਾ ਇਸ ਸਾਬਕਾ ਗਵਰਨਰ ਜਨਰਲ ਨੂੰ 'ਦਾ ਯੂਨੀਵਰਸਿਟੀ ਆਫ ਵਾਇਕਾਟੋ' ਦਾ ਅਗਲਾ ਚਾਂਸਲਰ ਚੁਣਿਆ ਗਿਆ ਹੈ। ਇਹ ਚੋਣ ਚਾਰ ਸਾਲ ਲਈ ਕੀਤੀ ਗਈ ਹੈ। ਉਹ ਸਾਬਕਾ ਚਾਂਸਲਰ ਅਤੇ ਸਾਬਕਾ ਪ੍ਰਧਾਨ ਮੰਤਰੀ ਜਿਮ ਬੋਲਗਰ ਦੀ ਥਾਂ ਲੈਣਗੇ ਜੋ ਕਿ 12 ਸਾਲਾਂ ਤੋਂ ਚਾਂਸਲਰ ਚਲੇ ਆ ਰਹੇ ਸਨ। ਸਰ ਅਨੰਦ ਸਤਿਆਨੰਦ ਨੇ ਮੌਜੂਦਾ ਇਕ ਵਕਾਰੀ ਅਹੁਦੇ ਤੋਂ ਅੱਜ ਇਸੇ ਕਾਰਨ ਅਸਤੀਫਾ ਵੀ ਦਿੱਤਾ ਹੈ। ਯੂਨੀਵਰਸਿਟੀ ਅਧਿਕਾਰੀਆਂ ਨੂੰ ਸਰ ਅਨੰਦ ਸਤਿਆਨੰਦ ਦੇ ਤਜ਼ਰਬੇ ਅਤੇ ਜਾਣਕਾਰੀ ਤੋਂ ਬਹੁਤ ਸਾਰੀਆਂ ਆਸਾਂ ਹਨ। ਅਕਤੂਬਰ ਮਹੀਨੇ ਚਾਂਸਲਰ ਸਰ ਅਨੰਦ ਸਤਿਆਨੰਦ ਦਾ ਭਰਵਾਂ ਸਵਾਗਤ ਮਾਓਰੀ ਰੀਤ 'ਪੌਹੀਰੀ' ਨਾਲ ਕੀਤਾ ਜਾਵੇਗਾ ਤੇ ਉਹ ਆਪਣਾ ਕਾਰਜ ਭਾਰ ਸੰਭਾਲ ਲੈਣਗੇ। ਸਰ ਅਨੰਦ ਸਤਿਆਨੰਦ ਦੇ ਦਾਦਾ-ਦਾਦੀ 1911 ਦੇ ਵਿਚ ਭਾਰਤ ਤੋਂ ਫੀਜ਼ੀ ਚਲੇ ਗਏ ਸਨ। ਇਸਦੇ ਪਿਤਾ ਡਾ. ਮੁਤਿਆਲਾ 1927 ਦੇ ਵਿਚ ਨਿਊਜ਼ੀਲੈਂਡ ਆ ਗਏ ਸਨ ਅਤੇ ਉਨ੍ਹਾਂ ਦਾ ਵਿਆਹ ਤਾਰਾ ਤਿਲਕ ਦੇ ਨਾਲ 1940 ਦੇ ਵਿਚ ਨਿਊਜ਼ੀਲੈਂਡ ਹੀ ਹੋਇਆ ਸੀ। ਵਰਨਣਯੋਗ ਹੈ ਕਿ 'ਦਾ ਯੂਨੀਵਰਸਿਟੀ ਆਫ ਵਾਇਕਾਟੋ' ਹਮਿਲਟਨ ਸ਼ਹਿਰ ਵਿਖੇ ਸਥਿਤ ਹੈ ਜਿੱਥੇ ਪੰਜਾਬੀਆਂ ਨੇ ਪਹਿਲਾ ਗੁਰਦੁਆਰਾ ਸਾਹਿਬ 1977 ਦੇ ਵਿਚ ਸਥਾਪਿਤ ਕੀਤਾ ਸੀ। ਇਹ ਉਹ ਯੂਨੀਵਰਸਿਟੀ ਹੈ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੂਨ 2012 ਦੇ ਵਿਚ ਅੰਤਰਰਾਸ਼ਟਰੀ ਸਿਖਿਆ ਦੇ ਆਦਾਨ-ਪ੍ਰਦਾਨ ਦਾ ਇਕ ਸਮਝੌਤਾ ਵੀ ਕੀਤਾ ਗਿਆ ਸੀ। ਇਹ ਯੂਨੀਵਰਸਿਟੀ ਦੀ ਪੜ੍ਹਾਈ ਕਾਫੀ ਉਚ ਸਤਰ ਦੀ ਪਾਈ ਜਾਂਦੀ ਹੈ ਅਤੇ ਬਹੁਤ ਸਾਰੇ ਭਾਰਤੀ ਵਿਦਿਆਰਥੀ ਵੀ ਇਥੇ ਪੜ੍ਹਦੇ ਹਨ।



# ਸੰਯੁਕਤ ਰਾਸ਼ਟਰ ਦੀ ਭਾਰਤ ਤੇ ਪਾਕਿ ਨੂੰ ਸੰਜਮ ਵਰਤਣ ਦੀ ਅਪੀਲ

**ਸੰਯੁਕਤ ਰਾਸ਼ਟਰ–** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਤਰਸ ਨੇ ਭਾਰਤ ਤੇ ਪਾਕਿਸਤਾਨ ਨੂੰ ਵੱਧ ਤੋਂ ਵੱਧ ਸੰਜਮ ਵਰਤਣ ਦੀ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਦੋਵਾਂ ਪਾਸਿਓਂ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਸਥਿਤੀ ਹੁਣ ਹੋਰ ਜ਼ਿਆਦਾ ਨਾ ਵਿਗੜੇ। ਦੋਵਾਂ ਦੇਸ਼ਾਂ ਦੀ ਸਰਹੱਦ 'ਤੇ ਇਕਦਮ ਵਧੇ ਤਣਾਅ ਦੇ ਮੱਦੇਨਜ਼ਰ ਗੁਤਰਸ ਨੇ ਇਹ ਬੇਨਤੀ ਕੀਤੀ ਹੈ। ਇਹ ਜਾਣਕਾਰੀ ਸਕੱਤਰ ਜਨਰਲ ਦੇ ਤਰਜਮਾਨ ਸਟੀਫਨ ਡੁਜਾਰਿਕ ਨੇ ਦਿੱਤੀ ਹੈ। ਸਕੱਤਰ ਜਨਰਲ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਸੰਯੁਕਤ ਰਾਸ਼ਟਰ ਦੇ ਫ਼ੌਜੀ ਨਿਗਰਾਨ ਦਲ ਨੇ ਦੱਸਿਆ ਹੈ ਕਿ ਹਾਲੀਆ ਦੇ ਦਿਨਾਂ 'ਚ ਕੰਟਰੋਲ ਲਾਈਨ 'ਤੇ ਦੋਵਾਂ ਦੇਸ਼ਾਂ ਦੀਆਂ ਸਰਗਰਮੀਆਂ ਵਧੀਆਂ ਹਨ। ਇਸਦਾ ਕਾਰਨ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਵਧਣਾ ਹੈ। ਅਜਿਹੇ 'ਚ ਦੋਵਾਂ ਦੇਸ਼ਾਂ ਨੂੰ ਟਕਰਾਅ ਤੋਂ ਬਚਣ ਲਈ ਵੱਧ ਤੋਂ ਵੱਧ ਸੰਜਮ ਵਰਤਣ ਦੀ ਲੋੜ ਹੈ।

# ਮੈਲਬੌਰਨ 'ਚ ਉਘੇ ਸਾਹਿਤਕਾਰ ਸੁਖਵਿੰਦਰ ਅੰਮ੍ਰਿਤ, ਸੁੱਚਾ ਸਿੰਘ ਰੰਧਾਵਾ, ਖੇਡ ਲੇਖਕ ਜਗਰੂਪ ਸਿੰਘ ਜਰਖੜ ਸਮੇਤ 8 ਸਖਸੀਅਤਾਂ ਦਾ ਸਨਮਾਨ





**ਮੈਲਬੌਰਨ–** ਪੰਜਾਬੀ ਸੱਥ ਅਤੇ ਊਰਜਾ ਫਾਊਂਡੇਸ਼ਨ ਮੈਲਬੌਰਨ ਆਸਟ੍ਰੇਲੀਆ ਦੇ ਸਾਂਝੇ ਉੱਦਮ ਨਾ਼ਲ ਇੱਕ ਸ਼ਾਨਦਾਰ ਅਤੇ ਭਾਵਪੂਰਤ ਸਾਹਿਤਕ ਸ਼ਾਮ ਦਾ ਆਯੋਜਨ ਗਿਲਾਡਾ ਕਮਿਊਨਿਟੀ ਸੈਂਟਰ ਐਪਿੰਗ ਵਿਖੇ ਕੀਤਾ ਗਿਆ, ਜਿਸ ਵਿੱਚ ਭਾਰਤ ਤੋਂ ਮੈਲ-ਬੌਰਨ ਆਏ ਹੋਏ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਸੁਣਨ ਤੋਂ ਇਲਾਵਾ ਜ਼ਿੰਦਗੀ ਦੇ ਅਨੁਭਵ ਵੀ ਸਾਂਝੇ ਕੀਤੇ ਗਏ। ਮਹਿਮਾਨਾਂ ਵਿੱਚ ਸਰਵ ਸ਼੍ਰੀ ਸੁੱਚਾ ਸਿੰਘ ਰੰਧਾਵਾ, ਖੇਡ ਲੇਖਕ ਜਗਰੂਪ ਸਿੰਘ ਜਰਖੜ, ਦੇਵਿੰਦਰ ਦੀਦਾਰ, ਪ੍ਰੋਫੈਸਰ ਮਨਜੀਤ ਸਿੰਘ, ਰਣਜੀਤ ਫਰਵਾਲੀ, ਸੁਖਵਿੰਦਰ ਅੰਮ੍ਰਿਤ, ਚੰਨ ਅਮਰੀਕ, ਜਗਦੀਪ ਜੋਗਾ, ਲੁਧਿਆਣਾ ਅਕਾਡਮੀ ਤੋਂ ਪੇਮ ਸਿੰਘ ਬਜਾਜ ਸਾਹਬ ਅਤੇ ਗੁਰਦਿਆਲ ਦਲਾਲ ਦਾ ਪੁਸਤਕਾਂ ਅਤੇ ਮੋਮੈਂਟੋ ਦੇ ਕੇ ਸਨਮਾਨ ਕੀਤਾ ਗਿਆ। ਲੁਧਿਆਣਾ ਤੋਂ ਅਮਰਜੀਤ (ਸੁਖਵਿੰਦਰ ਅੰਮ੍ਰਿਤ ਦੇ ਪਤੀ), ਕਰਿਗੀਬਰਨ ਤੋਂ ਸ਼੍ਰੀ ਹਰਜਿੰਦਰ ਗੁਲਪੁਰ ਅਤੇ ਕੁਲਦੀਪ ਸਿੰਘ ਸਰਪੰਚ ,ਨਵਚੇਤਨਾ ਦਲਾਲ,ਇਕਬਾਲ ਦਲਾਲ ਅਤੇ ਮਹਿਤਾਬ ਸਿੰਘ ਲੂਥਰਾ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਸਮਾਗਮ ਵਿੱਚ ਮਰਦਾਂ ਤੇ ਔਰਤਾਂ ਦਾ ਬਰਾਬਰ ਗਿਣਤੀ ਵਿੱਚ ਸ਼ਾਮਲ ਹੋਣਾ ਮਾਣ ਵਾ਼ਲੀ ਗੱਲ ਸੀ। ਪ੍ਰੋਗਰਾਮ ਦੀ ਸ਼ਫਲਤਾ ਦਾ ਸਿਹਰਾ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾ਼ਲੀਆਂ ਦੋਨੋਂ ਜਥੇਬੰਦੀਆਂ ਦੇ ਮਿਹਨਤੀ ਕਾਮਿਆਂ ਬਿੱਕਰ ਬਾਈ,ਕੁਲਜੀਤ ਕੌਰ ਗ਼ਜ਼ਲ, ਮਧੂ ਤਨਹਾ,ਸੰਜੇ ਭੰਡਾਰੀ ਅਤੇ ਪੂਰੀ ਟੀਮ ਦੇ ਸਿਰ ਬੱਝਦਾ ਹੈ।ਪ੍ਰੋਗਰਾਮ ਦੇ ਆਖਰੀ ਪਲਾਂ ਵਿੱਚ ਸੁਖਵਿੰਦਰ ਅੰਮ੍ਰਿਤ ਨੇ ਆਪਣੀ ਸ਼ਾਇਰੀ ਨਾ਼ਲ ਸਰੋਤਿਆਂ ਨੂੰ ਮੰਤਰ ਮੁਗਧ ਹੀ ਨਹੀਂ ਕੀਤਾ.ਸਗੋਂ ਛਲਕਦੀਆਂ ਅੱਖਾਂ ਪੂੰਝਣ ਲਈ ਵੀ ਮਜਬੂਰ ਕਰ ਦਿੱਤਾ।







ਦੇਸ਼ ਦੁਆਬਾ

# ਹੁਣ ਜੰਮੂ-ਕਸ਼ਮੀਰ ਵਿਚ ਕੀ ਹੋਵੇਗਾ?

ਰਾਜ ਸਭਾ ਤੋਂ ਬਾਅਦ ਲੋਕ ਸਭਾ ਵਿਚੋਂ ਜੰਮੂ-ਕਸ਼ਮੀਰ ਦੇ ਨਵੇਂ ਸਿਰੇ ਤੋਂ ਗਠਨ ਸਬੰਧੀ ਬਿਲ ਨੇ ਪਾਸ ਹੋ ਗਿਆ। ਉਮੀਦ ਮੁਤਾਬਕ ਇਤਿਹਾਸਕ ਮਹੱਤਵ ਵਾਲੇ ਇਸ ਬਿਲ ਦੇ ਨਾਲ ਹੀ ਧਾਰਾ 370 ਨੂੰ ਕਰੀਬ-ਕਰੀਬ ਸਮਾਪਤ ਕਰਨ ਵਾਲੀ ਤਜਵੀਜ਼ ਵੀ ਵੱਡੇ ਬਹੁਮਤ ਨਾਲ ਪਾਸ ਹੋਈ, ਪਰ ਇਹ ਉਮੀਦ ਨਹੀਂ ਸੀ ਕਿ ਵਿਰੋਧੀ ਧਿਰ ਹੋਰ ਜ਼ਿਆਦਾ ਗੁਮਰਾਹ ਦਿਖਾਈ ਦੇਵੇਗੀ। ਇਸ ਬਿਲ ਦਾ ਬਸਪਾ ਵਰਗੀਆਂ ਪਾਰਟੀਆਂ ਨੇ ਵੀ ਸਮਰਥਨ ਕੀਤਾ ਹੈ। ਕਾਂਗਰਸ ਦੇ ਮਿਲਿੰਦ ਦੇਵੜਾ, ਜਨਾਰਦਨ ਦਿਵੇਦੀ ਦੇ ਨਾਲ ਕੁਝ ਹੋਰ ਨੇਤਾਵਾਂ ਨੇ ਧਾਰਾ 370 ਨੂੰ ਬੇਅਸਰ ਕਰਨ ਦੇ ਫ਼ੈਸਲੇ ਨੂੰ ਸਹੀ ਕਰਾਰ ਦਿੱਤਾ? ਹੁਣ ਇਨ੍ਹਾਂ ਨੇਤਾਵਾਂ ਵਿਚ ਜਯੋਤਿਰਾਦਿਤਿਆ ਸਿੰਧੀਆ ਵੀ ਸ਼ਾਮਲ ਹੋ ਗਏ ਹਨ। ਉਨ੍ਹਾਂ ਵੱਲੋਂ ਧਾਰਾ 370 ਨੂੰ ਪ੍ਰਭਾਵਹੀਣ ਕਰਨ ਦੇ ਪ੍ਰਸ਼ਨ ਵਿਚ ਦਿੱਤਾ ਗਿਆ ਬਿਆਨ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਹ ਰਾਹੁਲ ਗਾਂਧੀ ਦੇ ਉਸ ਕਥਨ ਤੋਂ ਬਾਅਦ ਆਇਆ ਜਿਸ ਵਿਚ ਉਨ੍ਹਾਂ ਸਰਕਾਰ 'ਤੇ ਨਿਸ਼ਾਨਾ ਲਾਉਂਦੇ ਹੋਏ ਕਿਹਾ ਕਿ ਦੇਸ਼ ਲੋਕਾਂ ਨਾਲ ਬਣਦਾ ਹੈ, ਜ਼ਮੀਨ ਦੇ ਟੁਕੜਿਆਂ ਨਾਲ ਨਹੀਂ। ਹਾਲਾਂਕਿ ਇਸ ਮਾਮਲੇ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਬਿਆਨ ਪਾਰਟੀ ਲਾਈਨ ਦੀ ਤਰਜਮਾਨੀ ਕਰਦਾ ਪ੍ਰਤੀਤ ਹੁੰਦਾ ਹੈ।

ਜੰਮੂ-ਕਸ਼ਮੀਰ ਵਿਚ ਧਾਰਾ 370 ਹਟਣ ਨਾਲ ਪਹਿਲਾਂ ਬਾਹਰ ਦੇ ਲੋਕੀ ਜ਼ਮੀਨ ਨਹੀਂ ਖਰੀਦ ਸਕਦੇ ਸਨ, ਹੁਣ ਉਹ ਜਮੀਨ ਖਰੀਦ ਸਕਣਗੇ। ਪਹਿਲਾਂ ਜੰਮੂ-ਕਸ਼ਮੀਰ ਵਿਧਾਨ ਸਭਾ ਦਾ ਕਾਰਜਕਾਲ 6 ਸਾਲ ਦਾ ਹੁੰਦਾ ਸੀ, ਹੁਣ ਇਹ ਬਾਕੀ ਭਾਰਤ ਦੇ ਸੂਬਿਆਂ ਵਾਂਗ 5 ਸਾਲ ਦਾ ਹੋ ਗਿਆ ਹੋ ਜਾਵੇਗਾ। ਪਹਿਲਾਂ ਭਾਰਤ ਦੀ ਪਾਰਲੀਮੈਂਟ ਜੰਮੂ-ਕਸ਼ਮੀਰ ਨੂੰ ਲੈ ਕੇ ਇਕ ਸੀਮਤ ਦਾਇਰੇ ਤੱਕ ਹੀ ਕਾਨੂੰਨ ਬਣਾ ਸਕਦੀ ਸੀ, ਹੁਣ ਸਾਰੇ ਕਿਸਮ ਦੇ ਕਾਨੂੰਨ ਬਣਾ ਸਕੇਗੀ। ਪਹਿਲਾਂ ਜੰਮੂ-ਕਸ਼ਮੀਰ ਦੀ ਕੋਈ ਔਰਤ ਬਾਹਰ ਦੇ ਸੂਬੇ ਦੇ ਵਿਅਕਤੀ ਨਾਲ ਵਿਆਹ ਕਰ ਲੈਂਦੀ ਸੀ ਤਾਂ ਉਸ ਦੀ ਨਾਗਰਿਕਤਾ ਖਤਮ ਹੋ ਜਾਂਦੀ ਸੀ ਪਰ ਹੁਣ ਕੋਈ ਫਰਕ ਨਹੀਂ ਪਵੇਗਾ। ਧਾਰਾ 370 ਦੇ ਕਾਰਨ ਜੰਮੂ-ਕਸ਼ਮੀਰ ਵਿਚ ਪੰਚਾਇਤਾਂ ਕੋਲ ਕੋਈ ਅਧਿਕਾਰ ਨਹੀਂ ਸੀ, ਹੁਣ ਪੰਚਾਇਤ ਐਕਟ ਲਾਗੂ ਹੋਵੇਗਾ ਅਤੇ ਉਹਨਾਂ ਨੂੰ ਹਰ ਕਿਸਮ ਦੇ ਅਧਿਕਾਰ ਮਿਲਣਗੇ। ਪਹਿਲਾਂ ਘੱਟ ਗਿਣਤੀ ਹਿੰਦੂਆਂ ਅਤੇ ਸਿੱਖਾਂ ਨੂੰ 16 ਫੀਸਦੀ ਰਿਜ਼ਰਵੇਸ਼ਨ ਨਹੀਂ ਮਿਲਦੀ ਸੀ, ਹੁਣ ਉਹ ਨੌਕਰੀਆਂ ਵਿਚ ਰਿਜ਼ਰਵੇਸ਼ਨ ਪ੍ਰਾਪਤ ਕਰ ਸਕਣਗੇ।

ਜੰਮੂ-ਕਸ਼ਮੀਰ ਦਾ ਅਲੱਗ ਝੰਡਾ ਨਹੀਂ ਰਹੇਗਾ। ਸੂਚਨਾ ਦੇ ਅਧਿਕਾਰ ਦਾ ਕਾਨੂੰਨ ਕਸ਼ਮੀਰ ਵਿਚ ਹੁਣ ਲਾਗੂ ਹੋਵੇਗਾ। ਜੰਮੂ-ਕਸ਼ਮੀਰ ਵਿਚ ਹੁਣ ਸਿੱਖਿਆ ਦਾ ਅਧਿਕਾਰ ਮਿਲੇਗਾ ਅਤੇ ਹਰੇਕ 14 ਸਾਲ ਤੱਕ ਦੀ ਉਮਰ ਦੇ ਬੱਚੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਦੀ ਵਰਤੋਂ ਕਰ ਸਕਣਗੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-113

## "ਗੁਰਬਾਣੀ" ਲਫਜ਼ ਤੇ "ਸਿਧਾਂਤ" ਬਾਰੇ ਸਾਰਥਕ ਵਿਚਾਰ



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰਬਾਣੀ, ਗੁਰ+ਬਾਣੀ ਦੋ ਸ਼ਬਦਾਂ ਦਾ ਸੁਮੇਲ ਹੈ। ਗੁਰ-ਪ੍ਰਕਰਣ ਅਨੁਸਾਰ ਗੁਰ ਸੰਸਕ੍ਰਿਤ ਦਾ ਲਫਜ਼ ਜੋ ਗ੍ਰੀ ਧਾਤ ਤੋਂ ਬਣਿਆਂ ਤੇ ਇਸ ਦੇ ਅਰਥ ਨਿਗਲਣਾ, ਸਮਝਾਉਣਾ, ਚਾਨਣ, ਅਗਿਆਨ ਖਾ ਜਾਣ ਵਾਲਾ, ਉਪਦੇਸ਼ਕ, ਉਸਤਾਦ, ਗਿਆਨਦਾਤਾ, ਅਧਿਆਪਕ, ਸਿਖਿਆਦ-ਾਤਾ ਅਤੇ ਅਸੂਲ-ਸਿਧਾਂਤ ਹਨ। ਬਾਣੀ-ਪ੍ਰਕਰਣ ਮੁਤਾਬਿਕ ਬਾਣੀ ਵੀ ਸੰਸਕ੍ਰਿਤ ਦਾ ਲਫਜ਼ ਹੈ। ਸ੍ਰੀ ਗੁਰੂ ਗ੍ਰੰਥ ਕੋਸ਼ ਅਨੁਸਾਰ ਅਰਥ ਵਾਕ, ਬਚਨ, ਕਥਨ, ਸ਼ਬਦ ਬੋਲ, ਅਵਾਜ਼, ਰੱਬੀ ਰਚਨਾ, ਪਦ ਰਚਨਾ, ਉਪਦੇਸ਼, ਗੁਰਸ਼ਬਦ, ਗੁਰ ਉਪਦੇਸ਼, ਹੁਕਮ ਅਤੇ ਬਣਾਵਟ ਹਨ।

ਜਰਾ ਸੋਚੋ! ਜਦ ਸੰਸਾਰ ਹੋਂਦ 'ਚ ਆਇਆ ਫਿਰ ਪਾਉਣ ਪਾਣੀ, ਬਨਸਪਤੀ, ਜੀਵ-ਜੰਤੂ, ਪੰਛੀ ਅਤੇ ਮਨੁੱਖ ਪੈਦਾ ਹੋਏ। ਹੌਲੀ ਹੌਲੀ ਵਿਕਾਸ ਕਰਕੇ, ਬੋਲ, ਬਾਣੀ ਤੇ ਫਿਰ ਗੁਰ ਦੱਸਣ ਵਾਲੇ ਗੁਰੂ, ਗਿਆਨੀ, ਉਸਤਾਦ ਅਧਿਆਪਕ ਆਦਿਕ ਹੋਂਦ 'ਚ ਆਏ। ਫਿਰ ਵੱਖ ਵੱਖ ਬੋਲ, ਬੋਲੀਆਂ, ਲੇਖਕ, ਵਿਦਵਾਨ, ਰਚਨਾਵਾਂ, ਕਥਨ, ਵਖਿਆਨ, ਕਵੀ ਤੇ ਕਵਿਤਾਵਾਂ ਪੈਦਾ ਹੋਈਆਂ। ਗਿਆਨੀ, ਗੁਰੂ ਜਾਂ ਅਧਿਆਪਕ, ਗਿਆਨਦਾਤਾ ਬਣੇ। ਦੇਖੋ! ਜਿਉਂ ਜਿਉਂ ਜ਼ਮਾਨਾ ਬਦਲਦਾ ਤਿਉਂ ਤਿਉਂ ਬੋਲੀ, ਗਿਆਨ, ਗਿਆਨੀ, ਵਿਗਿਆਨੀ ਆਦਿਕ ਗਿਆਨਦਾਤਾ ਵੀ ਤਰੱਕੀ ਕਰਦੇ, ਨਿਤ ਨਵੀਆਂ ਕਾਢਾਂ ਕੱਢਦੇ, ਖੋਜਾਂ ਖੋਜਦੇ ਅੱਗੇ ਵੱਧਦੇ ਹਨ। "ਸ਼ਬਦ ਗੁਰੂ ਗ੍ਰੰਥ ਸਾਹਿਬ" ਵਿਖੇ ਵੀ ਲਿਖਿਆ ਹੈ-ਆਗਾਹਾਂ ਕੂ ਤ੍ਰਾਂਘਿ ਪਿਛਾ ਫੇਰਿ ਨ ਮੁਹਡੜਾ॥ ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥(ਮ:੫-੧੦੯੬)

ਨੋਟ-ਸਾਧ ਸੰਗਤ ਤੇ ਗੁਰਬਾਣੀ ਲਫਜ਼ ਬਹੁਤ ਪੁਰਾਣੇ ਤੇ ਜਿਨ੍ਹਾਂ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ ਕਿ-ਸੁਖ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਣ ਰਾਣੀ।ਸਾਧ ਸੰਗਤਿ ਮਿਲਿ ਗਾਂਵਦੇ ਰਾਤੀਂ ਜਾਇ ਸੁਣੈ ਗੁਰਬਾਣੀ॥(ਵਾਰ-੧੦, ਪੌੜੀ-੬) ਕਿਹੜੀ ਗੁਰਬਾਣੀ? ਭਾਵ ਸਾਧ ਸੰਗਤ ਵਿੱਚ ਗਿਆਨ ਉਪਦੇਸ਼ ਦੀ ਬਾਣੀ ਸੁਣਦੀ ਸੀ। ਓਦੋਂ ਤਾਂ ਸਿੱਖ ਗੁਰੂ ਸਹਿਬਾਨ ਨਹੀਂ ਸਨ ਜਿਵੇਂ ਕਿ ਗੁਰਬਾਣੀ ਲਫਜ਼ ਆਮ ਤੌਰ ਤੇ ਦਸ ਸਿੱਖ ਗੁਰੂਆਂ ਨਾਲ ਹੀ ਜੋੜਿਆ ਜਾਂਦਾ ਹੈ। ਧਿਆਨ ਦਿਓ "ਸ਼ਬਦ ਗੁਰੂ ਗ੍ਰੰਥ" ਵਿੱਚ ਆਈ ੧੫ ਭਗਤਾਂ, ੧੧ ਭੱਟਾਂ, ੬ ਸਿੱਖ ਪਾਤਸ਼ਾਹਾਂ ਅਤੇ ੩ ਗੁਰਸਿੱਖਾਂ ਭਾਵ ੩੫ ਮਹਾਂਪੁਰਖਾਂ ਦੀ ਸਮੁੱਚੀ ਰਚਨਾ ਗੁਰਬਾਣੀ ਹੈ। ਇਸੇ ਲਈ "ਸ਼ਬਦ ਗੁਰੂ ਗ੍ਰੰਥ" ਵਿਖੇ ਸਿਖ ਪਾਤਸ਼ਾਹਾਂ ਦੇ ਨਾਲ ਨਾਲ ਵੱਖ ਵੱਖ, ਕੌਮਾਂ, ਕਬੀਲਿਆਂ, ਜਾਤਾਂ, ਬੋਲੀਆਂ, ਰਾਗਾਂ ਤੇ ਰਚਨਾਵਾਂ ਦੇ ਲੇਖਕਾਂ, ਰੱਬੀ ਭਗਤਾਂ ਦੀ ਰਚਨਾ (ਬਾਣੀ) ਵੀ ਦਰਜ ਹੈ। ਕਸਵੱਟੀ ਸਿਰਫ ਸਿਧਾਂਤਾਂ, ਸਿਧਾਂਤਕ ਗਿਆਨ ਤੇ ਇਨਸਾ-ਨੀਅਤ ਦੀ ਰੱਖੀ ਗਈ ਹੈ। ਇਥੇ ਕੋਈ ਜਾਤ, ਮਜ਼ਹਬ, ਕੌਮ ਤੇ ਦੇਸ਼ ਕਾਲ ਦਾ ਵੱਖਰੇਵਾਂ ਨਹੀਂ ਸਗੋਂ ਸਾਂਝਾ ਉਪਦੇਸ਼ ਹੈ-ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ਼ ਚਹੁ ਵਰਨਾ ਕਉ ਸਾਝਾ॥(ਮ:੫-੭੪੮) ਪੁਰਾਤਨ ਤੇ ਬਾਕੀ ਸੰਸਾਰੀ ਬਾਣੀਆਂ, ਰਚਨਾਵਾਂ ਨਾਲੋਂ "ਸ਼ਬਦ ਗੁਰੂ ਗ੍ਰੰਥ" ਦੀ ਬਾਣੀ ਭਗਤਾਂ, ਸਿੱਖ ਪਾਤਸ਼ਾਹਾਂ ਤੇ ਗੁਰਸਿੱਖਾਂ ਦੀ ਆਪਣੀ ਮਜੂਦਗੀ 'ਚ ਉਚਾਰੀ ਤੇ ਲਿਖਾਈ ਸਾਂਇੰ-ਟੇਫਿਕ ਰਚਨਾ ਹੈ। ਜਦ ਕਿ ਬਾਕੀ ਅਵਤਾਰ, ਪੀਰ, ਪੈਗੰਬਰ ਬਾਣੀਆਂ, ਕਵਿਤਾਵਾਂ ਤੇ ਰਚ-ਨਾਵਾਂ ਦੇ ਗ੍ਰੰਥ ਆਪ ਲਿਖ ਕੇ ਨਹੀਂ ਦੇ ਗਏ ਜੋ ਬਾਅਦ 'ਚ ਉਨ੍ਹਾਂ ਦੇ ਅਨੁਯਾਈਆਂ ਦੇ ਲਿਖੇ ਹੋਏ ਆਖੇ ਜਾਂਦੇ ਹਨ। ਸਿੱਖ ਗੁਰੂ ਪਾਤਸ਼ਾਹਾਂ ਦੀ "ਬਾਣੀ" ਬਾਬਾ ਨਾਨਕ ਨੂੰ ਸਾਂਇੰਟੇਫਿਕ ਗੁਰਮਤਿ ਵਿਚਾਰਧਾਰਾ ਦਾ ਧੁਰਾ ਮੰਨ ਕੇ "ਨਾਨਕ" ਨਾਮ ਨਾਲ ਉਚਾਰੀ ਤੇ ਲਿਖੀ ਗਈ ਹੈ। ਬਾਕੀ ਬਾਣੀਕਾਰ ਰੱਬੀ ਭਗਤਾਂ, ਭੱਟਾਂ ਤੇ ਗੁਰਸਿੱਖਾਂ ਨੇ ਆਪੋ ਆਪਣੇ ਨਾਵਾਂ ਹੇਠ ਉਚਾਰੀ ਤੇ ਲਿਖੀ ਜੋ ਬਾਬਾ ਨਾਨਕ ਜੀ ਨੇ ਪ੍ਰਚਾਰ ਫੇਰੀਆਂ ਵੇਲੇ ਵੱਖ ਵੱਖ ਥਾਵਾਂ ਤੋਂ ਪ੍ਰਾਪਤ ਕਰ ਕਿਤਾਬ 'ਚ ਲਿਖ ਕੇ ਸਾਂਭ ਲਈ ਜੋ ਕ੍ਰਮਵਾਰ ਜਦ ਗੁਰੂ ਅਰਜਨ ਸਾਹਿਬ ਕੋਲ ਪਹੁੰਚੀ ਤਾਂ ਉਨ੍ਹਾਂ ਆਪਣੇ ਪਹਿਲੇ ਭਗਤਾਂ, ਗੁਰੂ ਪਾਤਸ਼ਾਹਾਂ ਤੇ ਗੁਰਸਿੱਖਾਂ ਦੀ ਬਾਣੀ ਭਾਈ ਗੁਰਦਾਸ ਜੀ ਲਿਖਾਰੀ ਪਾਸੋਂ ਆਪਣੇ ਸਮੇ ਇੱਕ ਜਿਲਦ 'ਚ ਲਿਖਾਈ ਜਿਸ ਨੂੰ "ਪੋਥੀ ਸਾਹਿਬ" ਕਹਿੰਦੇ ਫੁਰਮ-ਾਇਆ-ਪੋਥੀ ਪਰਮੇਰ ਕਾ ਥਾਨੁ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ ਰਹਾਉ॥ (ਮ:੫-੧੨੨੫)

ਨੋਟ-ਜੇ ਗੁਰੂ ਸਾਹਿਬ ਭਗਤਾਂ ਦੀ ਬਾਣੀ "ਸ਼ਬਦ ਗੁਰੂ ਗ੍ਰੰਥ" ਵਿਖੇ ਨਾ ਚੜ੍ਹਾਉਂਦੇ ਤਾਂ ਸ਼ਾਇਦ ਬਾਮਣ ਸਰਕਾਰਾਂ ਤੇ ਇਤਿਹਾਸਕਾਰਾਂ ਦੀ ਬਦਨੀਤ ਕਰਕੇ ਅੱਜ ਸਾਡੇ ਕੋਲ ਨਾ ਪਹੁੰਚਦੀ ਕਿਉਂਕਿ ਇਨ੍ਹਾਂ ਜਾਤ ਤੇ ਨਸਲ ਅਭਿਮਾਨਆਂ ਨੇ ਰੱਬੀ ਭਗਤਾਂ ਦਾ ਜੀਵਨ ਇਤਿਹਾਸ ਰੱਦੂ ਬਦੂ ਕਰ ਦਿੱਤਾ ਤੇ ਜੋ ਬਚਿਆ ਵੀ ਰਲ ਗਡ ਕਰ ਦਿਤਾ ਹੈ। ਅਖੀਰ ਦਸਮ ਪਾਤਸ਼ਾਹ ਨੇ ਆਪਣੇ ਪਿਤਾ ਗੁਰੂ ਤੇਗਬਹਦਰ ਜੀ ਦੀ ਬਾਣੀ "ਸ਼ਬਦ ਗੁਰੂ ਗ੍ਰੰਥ" 'ਚ ਚੜ੍ਹਾ ਕੇ ਸੰ-ਪੂਰਨ ਕੀਤਾ।

ਗੁਰਬਾਣੀ ਦੇ ਚੋਣਵੇਂ ਉਪਦੇਸ਼-ਬਾਬਾ ਨਾਨਕ ਜੀ ਸ਼ਬਦ, ਗਿਆਨ (ਗੁਰਬਾਣੀ) ਬਾਰੇ ਫੁਰਮਾਂਦੇ ਹਨ ਕਿ ਗਿਆਨ ਗੁਰੂ ਤੋਂ ਬਿਨਾ ਜਗਤ ਬਉਰਾ ਹੈ-ਸ਼ਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥(ਮ;੧-੬੩੫) ਗੁਰਬਾਣੀ ਗੁਣ ਗਿਆਨ ਰੂਪੀ ਰਤਨਾਂ ਲਾਲਾਂ ਦਾ ਭੰਡਾਰ (ਖਜ਼ਾਨਾ) ਤੇ ਸਾਗਰ ਜੋ ਗੁਰਬਾਣੀ ਵਿਚਾਰਵਾਨਾਂ ਦੇ ਹੱਥ ਲਗਦਾ ਹੈ-ਭਗਤਿ ਭੰਡਾਰ ਗੁਰਬਾਣੀ ਲਾਲ॥ ਗਾਵਤ ਸੁਨਤ ਕਮਾਵਤ ਨਿਹਾਲ॥(ਮ:੫-੩੭੬) ਰਤਨਾ ਰਤਨ ਪਦਾਰਥ ਬਹੁ ਭਰਿਆ ਰਾਮ॥ ਬਾਣੀ ਗੁਰਬਾਣੀ ਲਾਗੇ ਤਿਨ ਹਥਿ ਚੜਿਆ ਰਾਮ॥ (ਮ;੪-੪੪੨) ਗੁਰਬਾਣੀ ਗਿਆਨ (ਚਾਨਣ) ਹੈ-ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥(ਮ:੩-੬੮) ਗੁਰਬਾਣੀ (ਸ਼ਬਦ) ਹੀ ਗੁਰੂ ਤੇ ਜੋ ਸੇਵਜ ਇਸ ਨੂੰ ਵਿਚਾਰਦਾ ਉਸ ਨੂੰ ਪ੍ਰਤੱਖ ਗੁਰੂ ਗਿਆਨ ਪ੍ਰਾਪਤ ਹੋ ਜਾਂਦਾ ਹੈ-ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੫॥(ਮ:੪-੯੮੨) ਸਤਿਗੁਰਾਂ ਦੀ ਬਾਣੀ ਸੱਚੀ ਤੇ ਮਾਇਆਧਾਰੀ ਹੰਕਾਰੀਆਂ ਦੀ ਕੱਚੀ ਇਹ ਫਰਕ ਹੈ-ਸਤਿਗੁਰੂ ਬਿਨਾ ਹੋਰਿ ਕਚੀ ਹੈ ਬਾਣੀ॥...ਕਹਦੇ ਕਚੇ ਸੁਣਦੇ ਕਚੇ ਕਚੀਂ ਆਕਿ ਵਖਾਣੀ॥ (ਮ:੩-੯੨੦)

ਭਾਈ ਗੁਰਦਾਸ ਵੀ ਲਿਖਦੇ ਹਨ ਕਿ ਸਿੱਖ ਮੂਰਤੀ ਪੂਜਕ ਨਹੀ ਸਗੋਂ ਗੁਰੂ ਹੀ ਗਿਆਨ ਰੂਪ ਮੂਰਤ ਹੈ-ਗੁਰ ਮੂਰਤਿ ਗੁਰ ਸ਼ਬਦ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ॥(ਵਾਰ-੨੪, ਪੌੜੀ-੨੬) ਜਿਵੇਂ ਸਮੁੰਦਰ ਵਿਖੇ ਬਹੁਤ ਹੀਰੇ ਮੋਤੀ ਪਦਾਰਥ ਨੇ ਤੇ ਹੰਸ ਡੂੰਗੀ ਚੁੱਬੀ ਲਾ ਚੁਣ ਲੈਂਦੈ ਇਵੇਂ ਹੀ ਗੁਰਬਾਣੀ ਰੂਪ ਸਮੁੰਦਰ 'ਚ ਸਾਰੇ ਗੁਣ ਗਿਆਨ ਪਦਾਰਥ ਹਨ ਖੋਜੀ ਸਿੱਖ ਖੋਜ ਲੈਂਦੇ ਹਨ-ਜੈਸੇ ਤੋ ਸਕਲ ਨਿਧਿ ਪੂਰਨ ਸਮੁਦ੍ਰ ਬਿਖੈ, ਹੰਸ ਮਰਜੀਵਾ ਨਿਹਚੈ ਪ੍ਰਸਾਦਿ ਪਾਵਈ। ਤੈਸੇ ਗੁਰਬਾਣੀ ਬਿਖੈ ਸਕਲ ਪਦਾਰਥ ਹੈਂ, ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ।(ਕਬਿਤ-੫੪੬)

ਗੁਰਬਾਣੀ ਸਭ ਨੂੰ-ਏਕੁ ਪਿਤਾ ਏਕਸ ਕੇ ਹਮ ਬਾਰਿਕ..॥(ਮ:੫-੬੧੨) ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕਪ ਮੰਦੇ॥(ਕਬੀਰ ਜੀ-੧੩੫੦) ਦਾ ਬਰਾਬਰ ਉਪਦੇਸ਼ ਦਿੰਦੀ ਹੈ। ਗੁਰਬਾਣੀ ਗਿਆਨ ਸਭ ਕੋਈ ਪੜ੍ਹ. ਵਿਚਾਰ, ਸਮਝ ਤੇ ਧਾਰ ਸਕਦਾ ਹੈ। ਇਕੱਲੇ ਬਾਣਾਧਾਰੀ ਸਿੱਖ ਹੀ ਇਸ ਦੇ ਠੇਕੇਦਾਰ ਨਹੀਂ ਹਨ। ਗੁਰਬਾਣੀ ਸਭ ਨੂੰ ਪ੍ਰੇਮ ਪਿਆਰ, ਏਕਤਾ, ਬਰਾਬਰੀ, ਗੁਣਾਂ ਦੀ ਸਾਂਝ, ਅਗਾਹ ਵਧੂ ਤਰੱਕੀ, ਅਜ਼ਾਦੀ ਆਦਿਕ ਗਿਆਨ ਵਿਗਿਆਨ ਅਤੇ ਸਦਾ ਨਵੀਨ ਨਾਲਜ ਦਾ ਸੰਦੇਸ਼ ਦਿੰਦੀ ਹੈ।

# ਗੁਰਬਾਣੀ ਦਾ ਸਹੀ ਉਚਾਰਨ ਕਿਵੇਂ ਕਰੀਏ?

ਗੁਰਬਾਣੀ ਸਿੱਖਾਂ ਲਈ ਹੀ ਨਹੀਂ ਸਗੋਂ ਦੁਨੀਆਂ ਦੇ ਹਰ ਵਿੱਅਕਤੀ ਲਈ ਗਿਆਨ ਦਾ ਚਾਨਣ ਮੁਨਾਰਾ ਹੈ। ਇਹ ਗੱਲ ਤਾਂ ਹੀ ਸਮਝ ਪੈਂਦੀ ਹੈ ਜੇ ਗੁਰਬਾਣੀ ਠੀਕ ਢੰਗ ਨਾਲ ਪੜ੍ਹਿਆ ਜਾਵੇ ਤੇ ਸਹੀ ਢੰਗ ਨਾਲ ਸਮਝਿਆ ਜਾਵੇ। ਸਭ ਤੋਂ ਵੱਡੀ ਤੇ ਪਹਿਲੀ ਸੱਮਸਿਆ ਬਾਣੀ ਦੇ ਸ਼ੁੱਧ ਉਚਾਰਨ ਦੀ ਹੈ ਜੋ ਨਵੇਂ ਪੜ੍ਹਨ ਵਾਲਿਆਂ ਨੂੰ ਅਕਸਰ ਆਉਂਦੀ ਹੈ। ਨਵੇਂ ਪਾਠਕ ਬਾਣੀ ਪੜਨ ਤੋਂ ਇਸ ਲਈ ਝਿਜਕਦੇ ਹਨ ਕਿ ਉਹਨਾਂ ਨੂੰ ਇਸ ਦੀ ਲਿਖਤ ਸਾਧਾਰਣ ਪ੍ਰਤੀਤ ਨਹੀਂ ਹੁੰਦੀ। ਉਹ ਬਾਣੀ ਪੜ੍ਹਨ ਤੋਂ ਕੰਨੀ ਕਤਰਾਉਂਦੇ ਹਨ ਕਿ ਕਿਤੇ ਇਸ ਦੇ ਸ਼ਬਦਾਂ ਦਾ ਅਸ਼ੁਧ ਉਚਾਰਣ ਹੀ ਨਾ ਕਰ ਬੈਠਣ ਤੇ ਉਹਨਾਂ ਨੂੰ ਕੋਈ ਪਾਪ ਹੀ ਨਾ ਲਗ ਜਾਵੇ। ਦਰਅਸਲ ਅਜਿਹੀ ਕੋਈ ਗੱਲ ਨਹੀ ਹੈ ਪਰ ਪਾਠ ਸਮਝ ਕੇ ਹੀ ਕਰਨਾ ਚਾਹਿਦਾ ਹੈ।

ਸਮਝਣ ਵਾਲੀ ਪਹਿਲੀ ਗੱਲ ਇਹ ਹੈ ਕਿ ਗੁਰਬਾਣੀ ਦੀ ਰਚਨਾ ਗੁਰਬਾਣੀ ਵਿਆਕਰਣ ਅਨੁਸਾਰ ਹੋਈ ਹੋਈ ਹੈ ਜੋ ਸਾਧਾਰਣ ਪੰਜਾਬੀ ਵਿਆਕਰਣ ਤੋਂ ਥੋੜੀ ਭਿੰਨ ਹੈ। ਗੁਰਬਾਣੀ ਕਾਵਿ ਰੂਪ ਵਿਚ ਹੋਣ ਕਰਕੇ ਇਸ ਵਿਚ ਘਟ ਤੋਂ ਘਟ ਸ਼ਬਦ ਵਰਤੇ ਗਏ ਹਨ। ਖਾਸ ਤੌਰ ਤੇ ਕ੍ਰਿਆਵਾਚਕ ਤੇ ਸੰਗਿਆਵਾਚਕ ਸ਼ਬਦ ਵਧੇਰੇ ਨਾ ਵਰਤ ਕੇ ਕੇਵਲ ਵਾਧੂ ਲਗਾਂ ਮਾਤਰਾ ਲਾ ਕੇ ਹੀ ਸ਼ਬਦਾਂ ਵਿਚ ਅਜਿਹੇ ਅਰਥ ਪਾਏ ਗਏ ਹਨ। ਇਹ ਵਿਧੀ ਉਹਨਾਂ ਦਿਨਾਂ ਵਿਚ ਪ੍ਰਚਲਤ ਸੀ ਜਦੋਂ ਲਿਖਤ ਪੜ੍ਹਤ ਵਿਚ ਵਾਰਤਕ ਦੀ ਵਰਤੋਂ ਨਹੀਂ ਸੀ ਹੁੰਦੀ ਜਾਂ ਬਹੁਤ ਘਟ ਹੁੰਦੀ ਸੀ ਤੇ ਗੱਲ ਸੰਖੇਪ ਜਾਂ ਕਾਵਿ ਰੂਪ ਵਿਚ ਹੀ ਲਿਖੀ ਜਾਂਦੀ ਸੀ।

ਇਸ ਲਈ ਗੁਰਬਾਣੀ ਵਿਚ ਸਾਨੂੰ ਕਈ ਅਜਿਹੀਆਂ ਲਗਾਂ ਮਾਤਰਾਂ ਵੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਨੂੰ ਉਚਾਰਿਆ ਨਹੀਂ ਜਾਂਦਾ ਪਰ ਸ਼ਬਦਾਂ ਦੇ ਅਰਥ ਨਿਰਧਾਰਤ ਕਰਨ ਲਈ ਲਿਖਿਆ ਜਰੂਰ ਜਾਂਦਾ ਹੈ। ਇਹਨਾਂ ਦੇ ਹੁੰਦੇ ਬਹੁਤ ਸਾਰੇ ਨਵੇਂ ਪਾਠਕਾਂ ਨੂੰ, ਖਾਸ ਤੌਰ ਤੇ ਵਿਦਿਆਰਥੀਆਂ ਨੂੰ, ਗੁਰਬਾਣੀ ਦੇ ਸਹੀ ਉਚਾਰਣ ਵਿਚ ਇਹ ਕਠਿਨਾਈ ਆਉਂਦੀ ਹੈ ਕਿ ਕਿਸ ਨੂੰ ਉਚਾਰੀਏ ਤੇ ਕਿਸ ਨੂੰ ਨਾ। ਪਰ ਘਬਰਾਉਣ ਦੀ ਲੋੜ ਨਹੀਂ ਇਹ ਇੰਨਾ ਔਖਾ ਕੰਮ ਨਹੀਂ ਹੈ।

ਹਰ ਪੰਜਾਬੀ ਪੜ੍ਹਨ ਵਾਲੇ ਨੂੰ ਇਹ ਤਾਂ ਪਤਾ ਹੀ ਹੈ ਕਿ ਪੰਜਾਬੀ ਦੇ 35 ਅੱਖਰ ਹਨ। ਇਹਨਾਂ ਸਭ ਅੱਖਰਾਂ ਦੀ ਇਕ ਇਕ ਮੂਲ ਮੁਕਤਾ ਆਵਾਜ਼ ਹੁੰਦੀ ਹੈ ਜਿਸ ਦੀ ਕੋਈ ਦਿਸ਼ਾ ਜਾਂ ਸੇਧ ਨਹੀਂ ਹੁੰਦੀ। ਇਸ ਤੋਂ ਇਲਾਵਾ ਬਾਰਾਂ ਭਿੰਨ ਭਿੰਨ ਲਗਾਂ ਮਾਤਰਾਂ ਹਨ ਜੋ ਇਹਨਾਂ ਅਖਰਾਂ ਦੇ ਖੱਬੇ ਸੱਜੇ ਜਾਂ ਉੱਪਰ ਹੇਠ ਲਗਦੀਆਂ ਹਨ। ਇਹ ਲਗਾਂ ਮਾਤਰਾਂ ਵੱਖ ਵੱਖ ਅੱਖਰਾਂ ਨਾਲ ਲਗ ਕੇ ਇਹਨਾਂ ਦੀ ਧੁਨੀਆਂ ਨੂੰ ਇਕ ਖਾਸ ਢੰਗ ਨਾਲ ਬਦਲ ਦੇਂਦੀਆਂ ਹਨ। ਇਹਨਾਂ ਲਗਾਂ ਮਾਤਰਾਂ ਦੀ ਸਿੱਖਿਆ ਹਰ ਪੰਜਾਬੀ ਪੜ੍ਹਨ ਵਾਲੇ ਨੂੰ ਮੁਹਾਰਨੀ ਦ੍ਰਿੜਾਉਣ ਵੇਲੇ ਦਿੱਤੀ ਜਾਂਦੀ ਹੈ। ਸੋ ਬੁਨਿਆਦੀ ਗੱਲ ਇਹ ਹੈ ਕਿ ਇਹ ਸਭ ਆਵਾਜ਼ਾਂ ਤੇ ਧੁਨੀਆਂ ਗੁਰਬਾਣੀ ਵਿਚ ਆਮ ਪੰਜਾਬੀ ਦੀ ਤਰ੍ਹਾਂ ਹੀ ਪੜ੍ਹੀਆਂ ਤੇ ਉਚਾਰੀਆਂ ਜਾਂਦੀਆਂ ਹਨ। ਪਰ ਇਹਨਾਂ ਨੂੰ ਕਦੋਂ ਉਚਾਰਿਆ ਜਾਵੇਗਾ ਤੇ ਕਦੋਂ ਨਹੀਂ ਇਹ ਗੱਲ ਗੁਰਬਾਣੀ ਵਿਚ ਆਮ ਪੰਜਾਬੀ ਤੋਂ ਭਿੰਨ ਹੈ। ਜੇ ਜਗਿਆਸੂ ਇਹ ਗੱਲ ਧਿਆਨ ਨਾਲ ਸਮਝ ਲੈਣ ਤਾਂ ਕੇਵਲ ਦੋ ਮਿੰਟ ਵਿਚ ਸ਼ੁਧ ਬਾਣੀ ਉਚਾਰਣ ਦੇ ਗੁਰ ਜਾਂ ਫਾਰਮੂਲੇ ਨੂੰ ਜਾਣ ਸਕਦੇ ਹਨ।

ਪਹਿਲੀ ਗੱਲ ਇਹ ਹੈ ਕਿ ਗੁਰਬਾਣੀ ਨੂੰ ਮੁੱਖ ਤੌਰ ਤੇ ਉਵੇਂ ਹੀ ਪੜ੍ਹੋ ਜਿਵੇਂ ਸਾਧਾਰਨ ਪੰਜਾਬੀ ਨੂੰ ਪੜ੍ਹਿਆ ਜਾਦਾ ਹੈ। ਸਭ ਅਖਰਾਂ ਦੀਆਂ ਆਵਾਜ਼ਾਂ ਤੇ ਸਭ ਲਗਾਂ ਮਾਤਰਾਵਾਂ ਦੀਆਂ ਧੁਨੀਆਂ ਇਥੇ ਵੀ ਸਾਧਾਰਨ ਪੰਜਾਬੀ ਵਾਲੀਆਂ ਹਨ। ਪਰ ਫਰਕ ਇਹ ਹੈ ਕਿ ਗੁਰਬਾਣੀ ਵਿਚ ਕਿਸੇ ਸ਼ਬਦ ਦੇ ਆਖਰੀ ਅੱਖਰ ਨਾਲ ਆਈਆਂ ਸਿਹਾਰੀ ਤੇ ਔਂਕੜ ਦੀਆਂ ਲਗਾਂ ਮਾਤਰਾਂ ਆਵਾਜ਼ ਨਹੀਂ ਦਿੰਦੀਆਂ ਭਾਵ ਸਾਈਲੈਂਟ ਹੁੰਦੀਆਂ ਹਨ। ਅਜਿਹੇ ਸ਼ਬਦ ਵਿਚ ਆਖਰੀ ਅੱਖਰ ਨੂੰ ਮੁਕਤੇ ਵਾਂਗ ਉਚਾਰਿਆ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਆਖਣਿ ਤੇ ਆਖਣੁ ਦੋਵੇਂ ਆਖਣ ਹੀ ਪੜ੍ਹੇ ਜਾਣਗੇ ਆਖਣੀ ਤੇ ਆਖਣੂ ਨਹੀਂ। ਯਾਦ ਰਹੇ, ਸ਼ਬਦ ਦੇ ਆਖਰੀ ਅੱਖਰ ਨਾਲ ਜੇ ਸਿਹਾਰੀ ਜਾਂ ਔਂਕੜ ਲਗਿਆ ਹੋਵੇ ਤਾਂ ਇਹ ਅੱਖਰ ਧੁਨੀ ਮੁਕਤ ਭਾਵ ਮੁਕਤਾ ਆਵਾਜ ਨਾਲ ਪੜ੍ਹਿਆ ਜਾਵੇਗਾ।

ਦੂਜੀ ਯਾਦ ਰੱਖਣ ਯੋਗ ਗੱਲ ਇਹ ਹੈ ਕਿ ਹੁਣੇ ਹੁਣੇ ਦੱਸਿਆ ਗੁਰ ਵਾਵਲ ਅਖਰਾਂ ਤੇ ਲਾਗੂ ਨਹੀਂ ਹੁੰਦਾ। ਵਾਵਲ ਅਖਰ ਉਹ ਹੁੰਦੇ ਹਨ ਜਿਨਾਂ ਦੀਆਂ ਆਵਾਜ਼ਾਂ ਸਿਧੀਆਂ ਗਲੇ ਚੋਂ ਨਿਕਲਦੀਆਂ ਹਨ ਤੇ ਇਹਨਾਂ ਦੇ ਉਚਾਰਨ ਵਿਚ ਜੀਭ ਤਾਲੂ, ਦੰਦਾਂ ਤੇ ਬੁਲ੍ਹਾਂ ਦਾ ਇਸਤੇਮਾਲ ਨਹੀਂ ਹੁੰਦਾ। ਪੰਜਾਬੀ ਵਿਚ ਇਹ ਅਖਰ ੳ, ਅ ਤੇ ੲ ਹਨ। ਹ ਭਾਵੇ ਪੂਰਾ ਵਾਵਲ ਨਹੀਂ ਪਰ ਅਰਧ-ਵਾਵਲ ਹੋਣ ਕਰਕੇ ਇਹ ਵੀ ਇਹਨਾ ਵਿਚ ਸ਼ਾਮਲ ਹੈ। ਇਸ ਦੀ ਆਵਾਜ਼ ਵੀ ਗਲੇ ਤੋਂ ਨਿਕਲਦੀ ਹੈ। ਇਸ ਲਈ ਜੇ ਕਿਸੇ ਸ਼ਬਦ ਦੇ ਆਖਰ ਵਿਚ ੳ, ਅ, ੲ ਤੇ ਹ ਹੋਣ ਤੇ ਇਹਨਾਂ ਤੇ ਸਿਹਾਰੀ ਜਾਂ ਔਂਕੜ ਲਗੇ ਹੋਣ ਤਾਂ ਇਹਨਾਂ ਅਖਰਾਂ ਨਾਲ ਇਹਨਾਂ ਦੋ ਲਗ-ਮਾਤਰਾਂ ਦੀ ਆਵਾਜ਼ ਉਚਾਰੀ ਜਾਵੇਗੀ।



ਡਾ: ਗੋਬਿੰਦਰ ਸਿੰਘ ਸਮਰਾਓ
408-634-2310

ਤੀਜੀ ਗੱਲ ਇਹ ਕਿ ਇਸ ਗੁਰ ਨੂੰ ਛੋਟਾ ਵੀ ਕੀਤਾ ਜਾ ਸਕਦਾ ਹੈ। ਕਿਉਂਕਿ ਅ ਨਾਲ ਔਂਕੜ ਤੇ ਸਿਹਾਰੀ ਨਹੀਂ ਲਗਦੇ ਇਸ ਲਈ ਇਸ ਨੂੰ ਗੁਰ ਵਿਚੋਂ ਬਾਹਰ ਕਢਿਆ ਜਾ ਸਕਦਾ ਹੈ।

ਸੋ ਸਿੱਧਾ ਅਸੂਲ ਇਹ ਹੋਇਆ ਕਿ ਗੁਰਮੁਖੀ ਪੜ੍ਹਨ ਵੇਲੇ ਕਿਸੇ ਵੀ ਸ਼ਬਦ ਦੇ ਅਖੀਰਲੇ ਅੱਖਰ ਨਾਲ ਲਗੀ ਸਿਹਾਰੀ ਤੇ ਔਂਕੜ ਦੀ ਮਾਤਰਾ ਆਵਾਜ਼ ਨਹੀਂ ਦੇਵੇਗੀ ਪਰ ਜੇ ਕਿਸੇ ਸ਼ਬਦ ਦਾ ਅਖੀਰਲਾ ਅੱਖਰ ੳ, ੲ ਜਾਂ ਹ ਹੋਵੇ ਤਾਂ ਉਸ ਨਾਲ ਇਹ ਦੋਵੇਂ ਲਗਾਂ ਮਾਤਰਾਂ ਆਵਾਜ਼ ਦੇਣਗੀਆਂ ਤੇ ਉਚਾਰੀਆਂ ਜਾਣਗੀਆਂ।

ਇਹਨਾਂ ਸਾਰਿਆਂ ਨਿਯਮਾਂ ਨੂੰ ਇਕੋ ਸੌਖੇ ਨਿਯਮ ਵਿਚ ਵੀ ਸਮੇਟਿਆ ਜਾ ਸਕਦਾ ਹੈ। ਇਹ ਸਰਲ ਨਿਯਮ ਇਹ ਹੈ ਕਿ ਸਭ ਅੱਖਰਾਂ ਨਾਲ ਲੱਗੀਆਂ ਲਗਾਂ ਮਾਤਰਾਂ ਨੂੰ ਸਾਧਾਰਣ ਪੰਜਾਬੀ ਵਾਂਗ ਹੀ ਪੜ੍ਹੋ ਪਰ ਜੇ ਕਿਸੇ ਸ਼ਬਦ ਦੇ ਆਖਰੀ ਅੱਖਰ ਨੂੰ ਸਿਹਾਰੀ ਜਾਂ ਔਂਕੜ ਲੱਗਿਆ ਹੋਵੇ ਤਾਂ ਉਸ ਅੱਖਰ ਨੂੰ ਉਸ ਦੀ ਮੁਕਤਾ ਆਵਾਜ਼ ਨਾਲ ਉਚਾਰੋ।

ਇੱਥੇ ਇਹ ਸਮਝਣਾ ਜਰੂਰੀ ਹੈ ਕਿ ੳ ਦੀ ਮੁਕਤਾ ਆਵਾਜ਼ ਉ, ਅ ਦੀ ਮੁਕਤਾ ਆਵਾਜ਼ ਆ, ੲ ਦੀ ਮੁਕਤਾ ਆਵਾਜ਼ ਈ ਹੁੰਦੀ ਹੈ ਤੇ ਹ ਦੀ ਮੁਕਤਾ ਆਵਾਜ਼ ਹਿ ਤੇ ਹੁ ਦੇ ਵਿਚਕਾਰ ਦੀ ਹੁੰਦੀ ਹੈ। ਕਿਉਂਕਿ ਇਹਨਾਂ ਵਾਵਲ ਅੱਖਰਾਂ ਦੀਆਂ ਮੁਕਤਾ ਆਵਾਜ਼ਾਂ ਪਹਿਲਾਂ ਹੀ ਧੁਨੀਆਤਮਿਕ ਹੁੰਦੀਆਂ ਹਨ ਇਸ ਲਈ ਇਹਨਾਂ ਨੂੰ ਸਿਹਾਰੀ ਜਾਂ ਔਂਕੜ ਲੱਗੇ ਦਾ ਕੋਈ ਅਸਰ ਨਹੀਂ ਪੈਂਦਾ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਭੋਜਾਵਾਸ ਵਿਚ ਚਮਾਰ ਰਜਿਮੈਂਟ ਦੇ ਇਕੋ-ਇਕ ਜੀਵਤ ਯੋਧੇ 100 ਸਾਲਾ ਹੌਲਦਾਰ ਚੁੰਨੀਲਾਲ ਦੇ ਸਨਮਾਨ ਵਿਚ ਸਮਾਰੋਹ ਕਰਵਾਇਆ








**ਕਨੀਨਾ (ਬਿਊਰੋ)–** ਹਰਿਆਣਾ ਦੇ ਰਾਜਪਾਲ ਸੱਤਿਆਦੇਵ ਨਰਾਇਣ ਆਰੀਆ ਨੇ ਕਿਹਾ ਕਿ ਜੋ ਸਮਾਜ ਸ਼ਹੀਦਾਂ ਨੂੰ ਭੁੱਲ ਜਾਂਦਾ ਹੈ, ਉਹ ਕਾਇਮ ਨਹੀਂ ਰਹਿ ਸਕਦਾ। ਸਾਨੂੰ ਸ਼ਹੀਦਾਂ ਨੂੰ ਸਦਾ ਸਨਮਾਨ ਦੇਣਾ ਚਾਹੀਦਾ ਹੈ। ਅੱਜ ਦੇਸ਼ ਵਿਚ ਅਜਿਹੇ ਹੀ ਸ਼ਹੀਦਾਂ ਨੂੰ ਸਲਮਾਨਿਤ ਕਰਨ ਵਾਲੀ ਸਰਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਚੱਲ ਰਹੀ ਹੈ। ਸ੍ਰੀ ਆਰੀਆ ਪਿੰਡ ਭੋਜਾਵਸ ਦੀ ਆਈ. ਟੀ. ਆਈ. ਵਿਚ ਸ੍ਰੀ ਗੁਰੂ ਰਵਿਦਾਸ ਵਿਸ਼ਵ ਮਹਾਂਪੀਠ ਦੇ ਉਦਮ ਨਾਲ ਚਮਾਰ ਰਜਿਮੈਂਟ ਦੇ ਇੱਕੋ-ਇਕ ਜੀਵਤ ਯੋਧਾ 100 ਸਾਲਾ ਹਵਲਦਾਰ ਚੁੰਨੀ ਲਾਲ ਦੇ ਸਨਮਾਨ ਸਮਾਰੋਹ ਵਿਚ ਸੰਬੋਧਿਤ ਕਰ ਰਹੇ ਸਨ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਡਾ. ਅੰਬੇਡਕਰ ਫਾਉਂਡੇਸ਼ਨ ਸਮਾਜਿਕ ਨਿਆਂ ਅਤੇ ਅਧਿਕਾਰਿਤਾ ਮੰਤਰਾਲੇ ਦੇ ਮੈਂਬਰ ਸੂਰਜਮਾਨ ਕਟਾਰੀਆ ਨੇ ਕੀਤੀ। ਇਸ ਮੌਕੇ ਤੇ ਰਾਜਪਾਲ ਨੇ ਦਿਹਾਤੀ ਲੋਕਾਂ ਦੀ ਮੰਗ ਤੇ ਪਿੰਡ ਦੁਆਰਾ ਬਦਾਈ ਜਾਣ ਵਾਲੀ ਐਸ. ਸੀ. ਖੋਜ ਸੰਸਥਾ ਦੇ ਭਵਨ ਦੇ ਨਿਰਮਾਣ ਲਈ 11 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਹਰਿਆਣਾ ਦੇ ਸਿੱਖਿਆ ਮੰਤਰੀ ਰਾਮਬਿਲਾਸ ਸ਼ਰਮਾ ਨੇ 11 ਲੱਖ ਅਤੇ ਹਰਿਆਣਾ ਵਿਧਾਨ ਸਭਾ ਦੀ ਡਿਪਟੀ ਸਪੀਕਾਰ ਸੰਤੋਸ਼ ਯਾਦਵ ਨੇ ਵੀ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਰਾਜਪਾਲ ਨੇ ਇਸੇ ਤਰ੍ਹਾਂ ਖੇੜੀ ਵਿਚ ਦਲਿਤ ਯਾਦਗਾਰੀ ਸਥਾਨ ਲਈ ਵੀ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਰਾਜਪਾਲ ਨੇ ਕਿਹਾ ਕਿ ਸਮਾਜ ਦੇ ਲੋਕ ਵੀਰ ਯੋਧਾ ਚੁੰਨੀ ਲਾਲ ਦੇ ਜੀਵਨ ਅਤੇ ਚਰਿੱਤਰ ਤੋਂ ਪ੍ਰੇਰਨਾ ਲੈਣ। ਸਮਾਜ ਦੇ ਲੋਕ ਆਪਦੇ ਬੱਚਿਆਂ ਦੀ ਸਿੱਖਿਆ 'ਤੇ ਵਿਸ਼ੇਸ਼ ਧਿਆਨ ਦੇਣ ਅਤੇ ਨਸ਼ੇ ਵਰਗੀਆਂ ਬੁਰਾਈਆਂ ਤੋਂ ਦੂਰ ਰਹਿਣ।

## ਅੰਬੇਦਕਰਾਇਟ ਲੀਗਲ ਫੋਰਮ ਜਲੰਧਰ ਦੀ ਵਿਸ਼ੇਸ਼ ਮੀਟਿੰਗ

**ਜਲੰਧਰ (ਤਰਸੇਮ ਜਲੰਧਰੀ)–** ਅੰਬੇਦਕਰਾਇਟ ਲੀਗਲ ਫੋਰਮ ਜਲੰਧਰ ਦੀ ਇਕ ਵਿਸ਼ੇਸ਼ ਮੀਟਿੰਗ ਸ੍ਰੀ ਪ੍ਰਿਤਪਾਲ ਸਿੰਘ



ਐਡਵੋਕੇਟ ਦੀ ਪ੍ਰਧਾਨਗੀ ਵਿਚ ਹੋਈ, ਜਿਸ ਵਿਚ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਪੰਜਾਬ ਸਰਕਾਰ ਦੇ ਉਸ ਫੈਸਲੇ ਦੀ ਸਖਤ ਨਿਖੇਧੀ ਕੀਤੀ ਗਈ, ਜਿਸ ਵਿਚ ਸਰਕਾਰ ਨੇ ਕਿਹਾ ਕਿ ਅਨੁਸੂਚਿਤ ਜਾਤੀ ਦੇ ਉਮੀਦਵਾਰ ਪੀ. ਸੀ. ਐਸ. ਦੀ ਪ੍ਰੀਖਿਆ ਸਿਰਫ 4 ਵਾਰ ਹੀ ਦੇ ਸਕਣਗੇ।

ਅੰਬੇਡਕਰਾਇਟ ਲੀਗਲ ਫੋਰਮ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ ਤੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਹ ਦਲਿਤ ਹਿੱਤਾਂ ਵਿਰੁੱਧ ਫੈਸਲਾ ਫੌਰੀ ਤੌਰ 'ਤੇ ਵਾਪਸ ਲਿਆ ਜਾਵੇ। ਚਾਰ ਮੌਕੇ ਦੀ ਸਮਾਂ ਸੀਮਾ ਤਹਿ ਕਰਨ ਨਾਲ ਅਨੁਸੂਚਿਤ ਜਾਤੀ ਉਮੀਦਵਾਰਾਂ ਦਾ ਭਵਿੱਖ ਧੁੰਦਲਾ ਹੋ ਜਾਵੇਗਾ। ਜੋ ਦਲਿਤ ਸਮਾਜ ਨਾਲ ਸਰਾਸਰ ਧੱਕਾ ਹੈ। ਇਸ ਦਲਿਤ ਹਿੱਤ ਵਿਰੋਧੀ ਫੈਸਲੇ ਨੂੰ ਵਾਪਸ ਨਾ ਲਿਆ ਤਾਂ ਦਲਿਤਾਂ ਵੱਲੋਂ ਸੰਘਰਸ਼ ਤੇਜ਼ ਕੀਤਾ ਜਾਵੇਗਾ।

## ਸ਼ਹੀਦ ਊਧਮ ਸਿੰਘ ਸੁਨਾਮ ਦੇ ਸ਼ਹੀਦੀ ਦਿਹਾੜੇ ਤੇ ਨਟਾਲੀ ਰੰਗ ਮੰਚ (ਰਜਿ:) ਗੁਰਦਾਸਪੁਰ ਦੀ ਇਕੱਤਰਤਾ

**ਚੰਡੀਗੜ (ਪ੍ਰੀਤਮ ਲੁਧਿਆਣਵੀ)–** ਸ਼ਹੀਦ ਊਧਮ ਸਿੰਘ ਸੁਨਾਮ ਦੇ 79ਵੇਂ ਸ਼ਹੀਦੀ ਦਿਹਾੜੇ ਤੇ ਨਟਾਲੀ ਰੰਗ ਮੰਚ




(ਰਜਿ:) ਗੁਰਦਾਸਪੁਰ ਦੀ ਅਹਿਮ ਇਕੱਤਰਤਾ ਹੋਈ ਜਿਸ ਵਿਚ ਸ਼ਹੀਦ ਊਧਮ ਸਿੰਘ ਸੁਨਾਮ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕੀਤਾ ਗਿਆ। ਛੋਟੀ ਉਮਰੇ ਜਲਿਆਂ ਵਾਲੇ ਬਾਗ ਦੇ ਸਾਕੇ ਨੂੰ ਉਨਾਂ ਅੱਖੀਂ ਡਿੱਠਾ ਸੀ ਜਿਸ ਤੋਂ ਉਹ ਬਹੁਤ ਪ੍ਰਭਾਵਿਤ ਹੋਏ। ਉਨਾਂ ਪੱਕਾ ਇਰਾਦਾ ਕਰ ਲਿਆ ਸੀ ਕਿ ਇਸ ਖ਼ੂਨੀ ਸਾਕੇ ਦਾ ਬਦਲਾ ਮੈਂ ਜ਼ਰੂਰ ਲਵਾਂਗਾ। ਅਖੀਰ ਉਹ ਬਦਲਾ ਲੈਣ ਵਿੱਚ ਕਾਮਯਾਬ ਹੋ ਗਏ। ਉਨਾਂ ਨੂੰ 31 ਜੁਲਾਈ 1940 ਨੂੰ ਫਾਂਸੀ ਦੇ ਤਖ਼ਤੇ ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ। ਉਨਾਂ ਦੀ ਸ਼ਹੀਦੀ ਸਦਕਾ ਹੀ ਅੰਗਰੇਜ਼ ਸਾਮਰਾਜ ਤੋਂ ਭਾਰਤ ਨੂੰ ਆਜ਼ਾਦੀ ਮਿਲੀ। ਇਸ ਦਿਹਾੜੇ ਦੇ ਮੌਕੇ ਤੇ ਨਟਾਲੀ ਰੰਗਮੰਚ ਗੁਰਦਾਸਪੁਰ (ਰਜਿ:) ਦੇ ਪ੍ਰਧਾਨ ਜੀ. ਐਸ. ਪਾਹੜਾ, ਸਾਹਿਤ ਸਭਾ ਗੁਰਦਾਸਪੁਰ (ਰਜਿ:) ਦੇ ਪ੍ਰਧਾਨ ਜੇ. ਪੀ. ਸਿੰਘ ਖਰਲਾਂਵਾਲਾ, ਰਛਪਾਲ ਸਿੰਘ ਘੁੰਮਣ, ਵਰਿੰਦਰ ਸਿੰਘ ਸੈਣੀ, ਅਮਰੀਕ ਸਿੰਘ ਮਾਨ, ਦਵਿੰਦਰ ਮੁਗਰਾਲਾ, ਮੰਗਲਦੀਪ, ਪ੍ਰਭਜੀਤ ਸਿੰਘ ਕੌਂਟਾ, ਗੁਰਮੀਤ ਸਿੰਘ ਬਾਜਵਾ, ਅਤੁਲ ਬੈਂਸ ਨਰੇਸ਼ ਜੱਟੂਵਾਲ ਤੇ ਕਸ਼ਮੀਰ ਬੱਬਰੀ ਆਦਿ ਹਾਜ਼ਰ ਹੋਏ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL BIT INSPECTION AND DOT AUDIT COMPLIANCE:
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376



# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਆਗਮਨ ਪੁਰਬ ਨੂੰ ਸਮਰਪਿਤ ਮਹਾਨ ਆਤਮ ਰਸ ਕੀਰਤਨ ਦਰਬਾਰ ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਸਜਾਏ ਗਏ

ਨਾਮ ਜਪੋ, ਕਿਰਤ ਕਰੋ, ਵੰਡ ਛਕਣ ਦਾ ਰੂਹਾਨੀ ਅਤੇ ਮਾਨਵਤਾਵਾਦੀ ਸੰਦੇਸ਼ ਦੇਣ ਵਾਲੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਆਗਮਨ ਪੂਰਬ ਨੂੰ ਸਮਰਪਿਤ ਮਹਾਨ ਆਤਮ ਰਸ ਕੀਰਤਨ ਦਰਬਾਰ ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਏ ਗਏ। ਇਸ ਸ਼ੁਭ ਮੌਕੇ ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਸ਼ੁੱਕਰਵਾਰ 2 ਅਗਸਤ 2019 ਨੂੰ ਹੋਏ ਅਤੇ ਜਿਨ੍ਹਾਂ ਦੇ ਭੋਗ ਐਤਵਾਰ ਸਵੇਰੇ 4 ਅਗਸਤ 2019 ਨੂੰ ਪਏ ਗਏ। ਇਨ੍ਹਾਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸ੍ਰੀ ਰਮੇਸ਼ ਬੰਗੜ, ਸ੍ਰੀ ਸਤਨਾਮ ਸਿੰਘ ਮੰਢਾਲੀ ਅਤੇ ਸ੍ਰੀ ਦਿਲਬਾਗ ਸਿੰਘ ਰਾਣਾ ਜੀ ਦੇ ਪਰਿਵਾਰਾਂ ਵਲੋਂ ਹੋਈ।

ਮਹਾਨ ਆਤਮ ਰਸ ਕੀਰਤਨ ਦਰਬਾਰ ਸ਼ਨੀਵਾਰ 3 ਅਗਸਤ 2019 ਸ਼ਾਮ 6 ਵਜੇ ਤੋਂ 10:30 ਵਜੇ ਤੱਕ ਅਤੇ ਐਤਵਾਰ 4 ਅਗਸਤ 2019 ਨੂੰ ਸਵੇਰੇ 11 ਵਜੇ ਤੋਂ 2:30 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਜਾਏ ਗਏ ।।ਮਹਾਨ ਆਤਮ ਰਸ ਦਰਬਾਰ ਵਿੱਚ ਸਿੱਖ ਜਗਤ ਦੇ ਮਹਾਨ ਕੀਰਤਨੀਏ ਭਾਈ ਸਾਹਿਬ ਭਾਈ ਹਰਚਰਨ ਸਿੰਘ ਖ਼ਾਲਸਾ ਅਤੇ ਉਨ੍ਹਾਂ ਦਾ ਕੀਰਤਨੀ ਜਥਾ ( ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ), ਭਾਈ ਸਾਹਿਬ ਭਾਈ ਸਰਬਜੀਤ ਸਿੰਘ ਲਾਡੀ ਅਤੇ ਉਨ੍ਹਾਂ ਦਾ ਕੀਰਤਨੀ ਜਥਾ ( ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ), ਭਾਈ ਸਾਹਿਬ ਭਾਈ ਜਸਪਾਲ ਸਿੰਘ ਸਾਰੰਗ, ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਦਾ ਹਜ਼ੂਰੀ ਰਾਗੀ ਜਥਾ ਭਾਈ ਜਸਪਾਲ ਸਿੰਘ, ਭਾਈ ਗੁਰਦੀਪ ਸਿੰਘ ਅਤੇ ਭਾਈ ਅਮਰਜੀਤ ਸਿੰਘ ਵਲੋਂ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਕਥਾਵਾਚਕ ਭਾਈ ਚਮਕੌਰ ਸਿੰਘ ਫਰਿਜ਼ਨੋ ਨੇ ਸੰਗਤਾਂ ਨੂੰ ਗੁਰਇਤਿਹਾਸ ਨਾਲ ਜੋੜਿਆ। ਗੁਰੂ ਬਾਬੇ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਇਨ੍ਹਾਂ ਕੀਰਤਨ ਦਰਬਾਰਾਂ ਵਿੱਚ ਸੰਗਤਾਂ ਦਾ ਉਤਸ਼ਾਹ ਦੇਖਦੇ ਹੀ ਬਣਦਾ ਸੀ। ਗੁਰੂਘਰ ਵਲੋਂ ਆਏ ਹੋਏ ਕੀਰਤਨੀਏ ਜਥਿਆਂ ਨੂੰ ਅਤੇ ਹੋਰ ਸੇਵਾਦਾਰ ਪਰਿਵਾਰਾਂ ਨੂੰ ਸ੍ਰੀ ਸਿਰੋਪਾਓ ਸਾਹਿਬ ਦੇ ਕੇ ਨਿਹਾਲ ਕੀਤਾ ਗਿਆ।

ਗੁਰੂਘਰ ਵਿਖੇ ਬੇਅੰਤ ਸੰਗਤਾਂ ਨੇ ਲੰਗਰਾਂ ਦੇ ਸਟਾਲ ਲਾਗਏ ਗਏ। ਬੱਚਿਆਂ ਲਈ ਅਤੇ ਹੋਰ ਘਰੇਲੂ ਵਸਤੂਆਂ ਦੇ ਸਟਾਲ ਲਾਗਏ ਗਏ। ਇਹ ਆਤਮ ਰਸ ਕੀਰਤਨ ਦਰਬਾਰ ਸ੍ਰੀ ਅਜੈ ਪੜਵੱਗਾ ਦੇ ਯਤਨਾਂ ਸਦਕਾ ਕਈ ਫੇਸਬੁੱਕ ਅਤੇ ਯੂਟਿਊਬ ਚੈਨਲਾਂ ਉਤੇ ਸਿੱਧੇ ਪਰਸਾਰਿਤ ਕੀਤੇ ਗਏ ਜਿਨ੍ਹਾਂ ਵਿੱਚ ਵਿਸ਼ੇਸ ਤੌਰ ਤੇ Shri Guru Ravidass Temple (Facebook and YouTube pages) and Sikhinside (Facebook) Har Ghar Guru Ravidass Ji and Baba Sahib Ji, Sikhilive (Facebook) ਆਦਿ ਸ਼ਾਮਲ ਹਨ।

ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਦੀ ਪ੍ਰਬੰਧਕ ਕਮੇਟੀ, ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਅਤੇ ਗੁਰੂਘਰ ਦੀ ਸਮੂੰਹ ਸਾਧਸੰਗਤਿ ਵਲੋਂ ਸਮੁੱਚੇ ਵਿਸ਼ਵ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਆਗਮਨ ਪੂਰਬ ਦੀਆਂ ਕੋਟਿ ਕੋਟਿ ਵਧਾਈਆਂ ਹੋਵਣ ਜੀ।

ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ
6221 16th Street Rio linda, CA 95673
ਗੁਰੂ ਘਰ ਫ਼ੋਨ: (916) 992-1710

**_Read more_**
**_www.ambedkartimes.com_**


























# ਪੋਸਟ ਮੈਟ੍ਰਿਕ ਸਕਾਲਰਸ਼ਿਪ ਸਮੇਂ ਤੇ ਨਾ ਆਉਣ ਕਾਰਣ ਦਲਿਤ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਿਤ: ਵਰਿਆਣਾ

**ਜਲੰਧਰ (ਤਰਸੇਮ ਜਲੰਧਰੀ)–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਯੂਨਿਟ ਪੰਜਾਬ ਦੀ ਟੀਮ ਪੰਜਾਬ ਦੇ ਪਿੰਡਾਂ ਦਾ ਦੌਰਾ ਕਰ ਕੇ ਡਾ: ਭੀਮ ਰਾਓ ਅੰਬੇਡਕਰ ਦੇ ਮਿਸ਼ਨ ਦਾ ਪ੍ਰਚਾਰ ਪ੍ਰਸਾਰ ਕਰ ਰਹੀ ਹੈ ਮੌਕੇ ਕਰਨ ਲਈ ਕੈਪਟਨ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਦਲਿਤ ਸਮਾਜ ਨਾਲ ਬੇਇਨਸਾਫੀ ਹੈ, ਅਤੇ ਕਿਹਾ ਕਿ ਦਲਿਤ ਸਮਾਜ ਨਾਲ ਬੇਇਨਸਾਫੀ ਕਰਨਾ ਬੰਦ ਕੀਤਾ ਜਾਵੇ । ਅਨੁਸੂਚਿਤ ਜਾਤੀ



ਜਿਸ ਤਹਿਤ ਦਲ ਦੇ ਮੈਂਬਰ ਐਤਵਾਰ ਨੂੰ ਮੁਕੇਰੀਆਂ ਦੇ ਪਿੰਡ ਲਤੀਫਪੁਰ ਵਿਖੇ ਪਹੁੰਚੇ। ਜਿਸ ਵਿੱਚ ਜਸਵਿੰਦਰ ਵਰਿਆਣਾ , ਬਲਦੇਵ ਰਾਜ ਭਾਰਦਵਾਜ, ਐਡਵੋਕੇਟ ਕੁਲਦੀਪ ਭੱਟੀ ਅਤੇ ਵਰਿੰਦਰ ਕੁਮਾਰ ਨੇ ਮੀਟਿੰਗ ਦੌਰਾਨ ਲੋਕਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਕੀਤਾ। ਮੀਟਿੰਗ ਦੌਰਾਨ ਜਸਵਿੰਦਰ ਵਰਿਆਣਾ ਨੇ ਕਿਹਾ ਕਿ ਸਰਕਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਗ੍ਰਾਂਟ ਸਮੇਂ ਸਿਰ ਜਾਰੀ ਨਹੀਂ ਕਰਦੀ ਜਿਸ ਕਰਕੇ ਦਲਿਤ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਪੀਸੀਐਸ ਦੀ ਪ੍ਰੀਖਿਆ ਵਿੱਚ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਲਈ ਸਿਰਫ ਚਾਰ ਦੇ ਉਮੀਦਵਾਰਾਂ ਲਈ ਪੀ ਸੀ ਐਸ ਦੀ ਪ੍ਰੀਖਿਆ ਦੇ ਮੌਕੇ ਉਨ੍ਹਾਂ ਦੀ ਯੋਗ ਉਮਰ ਤਕ ਰੱਖੇ ਜਾਣੇ ਚਾਹੀਦੇ ਹਨ ਅਤੇ ਉਨ੍ਹਾਂ ਦੇ ਵਿਕਾਸ ਕਾਰਜਾਂ ਵਿਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਵਰਿਆਣਾ ਨੇ ਅੱਗੇ ਕਿਹਾ ਕਿ ਸਰਕਾਰ ਉਨਾਓ ਬਲਾਤਕਾਰ ਕੇਸ ਵਿੱਚ ਦੋਸ਼ੀ ਵਿਧਾਇਕ ਕੁਲਦੀਪ ਸੇਂਗਰ ਨੂੰ ਬਲਾਤਕਾਰ ਦੀ ਜਾਂਚ ਦੇ ਨਾਂ 'ਤੇ ਬਚਾਅ ਰਹੀ ਹੈ। ਉਸਨੂੰ ਜਲਦੀ ਸਖਤ ਸਜਾ ਮਿਲਣੀ ਚਾਹੀਦੀ ਹੈ। ਇਸ ਮੌਕੇ ਐਡਵੋਕੇਟ ਹਰਭਜਨ ਸਾਂਪਲਾ, ਐਡਵੋਕੇਟ ਪਰਮਿੰਦਰ ਸਿੰਘ , ਨਿਤੀਸ਼ ਕੁਮਾਰ, ਚਮਨ ਲਾਲ, ਗੁਰਨਾਮ ਸਿੰਘ, ਬਲਵੀਰ ਸਿੰਘ ਤੋਂ ਇਲਾਵਾ ਪਿੰਡ ਵਾਸੀ ਹਾਜ਼ਰ ਸਨ।

# ਅੰਬੇਡਕਰ ਮਿਸ਼ਨ ਸੋਸਾਇਟੀ (ਰਜਿ.) ਪੰਜਾਬ ਨੇ ਇੰਦੌਰਾ ਵਿਖੇ ਖੋਲੀ ਨਵੀ ਬ੍ਰਾਂਚ: ਵਰਿੰਦਰ ਕੁਮਾਰ

**ਜਲੰਧਰ (ਤਰਸੇਮ ਜਲੰਧਰੀ)–** ਅੰਬੇਡਕਰ ਮਿਸ਼ਨ ਸੋਸਾਇਟੀ ਜੋ ਗੈਰ-ਰਾਜਨੀਤਿਕ ਮਿਸ਼ਨਰੀ ਸੰਸਥਾ ਹੈ ਅਤੇ ਸੁਸਾਇਟੀ ਰਜਿਸਟ੍ਰੇਸ਼ਨ ਐਕਟ, 1860 ਦੇ ਅਧੀਨ ਰਜਿਸਟਰਡ ਹੈ. ਇਸ ਦਾ ਹੈਡ ਆਫ਼ਿਸ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ (ਨਕੋਦਰ ਰੋਡ), ਜਲੰਧਰ ਵਿਖੇ ਹੈ. ਉੱਥੇ ਅੰਬੇਡਕਰੀ ਭੀਮ ਪਤ੍ਰਿਕਾ ਦੇ ਸੰਪਾਦਕ ਸ਼੍ਰੀ ਲਾਹੌਰੀ ਰਾਮ ਬਾਲੀ ਅਤੇ ਸ਼੍ਰੀ ਆਰ ਸੀ ਸੰਗਰ ਸੋਸਾਇਟੀ ਦੇ ਸੰਸਥਾਪਕ ਮੈਂਬਰਾਂ ਵਿਚੋਂ ਹਨ। ਉਹ ਅੰਬੇਡਕਰ ਭਵਨ ਜਲੰਧਰ ਦੇ ਸੰਸਥਾਪਕ ਟਰੱਸਟੀ ਵੀ ਹਨ। ਅੰਬੇਡਕਰ ਮਿਸ਼ਨ ਸੋਸਾਇਟੀ ਪਿੱਛਲੇ 50 ਸਾਲ ਤੋਂ ਅੰਬੇਡਕਰ ਮਿਸ਼ਨ ਦਾ ਪ੍ਰਚਾਰ ਪ੍ਰਸਾਰ ਕਰ ਰਹੀ ਹੈ. ਲਾਹੌਰੀ ਰਾਮ ਬਾਲੀ ਅਤੇ ਆਰ.ਸੀ ਸੰਗਰ ਸੋਸਾਇਟੀ ਦੇ ਪ੍ਰਧਾਨ ਵੀ ਰਹੇ ਹਨ. ਡਾ. ਆਰ ਡੀ ਨਰ (ਡਾਇਰੈਕਟਰ ਪੰਜਾਬ ਹੈਲਥ ਸਰਵਿਸਜ਼), ਆਰ. ਸੀ. ਪਾਲ ਪੀਸੀਐਸ ਸਬ ਜੱਜ (ਰਿਟਾਇਰਡ), ਜੀ. ਐਸ. ਬਲ ਪੀਸੀਐਸ (ਰਿਟਾਇਰਡ), ਡਾ. ਸੁਰਿੰਦਰ ਅਜਨਾਤ, ਡਾ. ਜੀ ਸੀ ਕੌਲ ਅਤੇ ਦਵਾਰਕਾ ਭਾਰਤੀ ਵਰਗੀਆਂ ਸ਼ਖਸੀਅਤਾਂ ਅੰਬੇਡਕਰ ਮਿਸ਼ਨ ਸੋਸਾਇਟੀ ਦੀਆਂ ਪ੍ਰਧਾਨ ਰਹਿ ਚੁਕੀਆਂ ਹਨ. ਮੈਡਮ ਸੁਦੇਸ਼ ਕਲਿਆਣ ਪ੍ਰੋਜੈਕਟ ਡਾਇਰੈਕਟਰ ਦੂਰਦਰਸ਼ਨ ਜਲੰਧਰ (ਰਿਟਾਇਰਡ) ਸੋਸਾਇਟੀ ਦੀ ਮਜੂਦਾ ਪ੍ਰਧਾਨ ਹੈ. ਇਹ ਗੱਲ ਸੋਸਾਇਟੀ ਦੇ ਜਨਰਲ ਸਕੱਤਰ ਵਰਿੰਦਰ ਕੁਮਾਰ ਨੇ ਇੱਕ ਪ੍ਰੈਸ ਬਿਆਨ ਵਿਚ ਕਿਹਾ. ਵਰਿੰਦਰ ਕੁਮਾਰ ਨੇ ਅੱਗੇ ਦੱਸਿਆ ਕਿ ਸੋਸਾਇਟੀ ਮਿਸ਼ਨ ਦੇ ਪ੍ਰਚਾਰ ਪ੍ਰਸਾਰ ਦੇ ਨਾਲ ਨਾਲ ਨਵੀਆਂ ਬ੍ਰਾਂਚਾਂ ਵੀ ਖੋਲ ਰਹੀ ਹੈ. ਇਸੇ ਲੜੀ ਵਿਚ ਸੋਸਾਇਟੀ ਨੇ ਹਿਮਾਚਲ ਪ੍ਰਦੇਸ਼ ਦੇ ਜਿਲਾ ਕਾਂਗੜਾ ਵਿਚ ਇੰਦੌਰਾ ਵਿਖੇ 4 ਅਗਸਤ, 2019 ਨੂੰ ਅਹੁਦੇਦਾਰਾਂ ਦੀ ਸਰਵ ਸੰਮਤੀ ਨਾਲ ਚੋਣ ਕਰਕੇ ਆਪਣੀ ਨਵੀਂ ਬ੍ਰਾਂਚ ਖੋਲ ਦਿਤੀ ਹੈ। ਸੁਰਿੰਦਰ ਕੁਮਾਰ ਕਲਾ - ਪ੍ਰਧਾਨ, ਰਵਿੰਦਰ ਰਿੰਕੂ ਅਤੇ ਪ੍ਰਵੀਨ ਕੁਮਾਰ - ਮੀਤ ਪ੍ਰਧਾਨ, ਸਵਰਨ ਦਾਸ - ਜਨਰਲ ਸਕੱਤਰ, ਸਨੀ ਸੌਰਭ - ਜੋਇੰਟ ਸਕੱਤਰ, ਬੋਧ ਰਾਜ - ਕੈਸ਼ੀਅਰ, ਰਮਨ ਕੁਮਾਰ - ਪ੍ਰੈਸ ਸੇਕ੍ਰੇਟਰੀ ਅਤੇ ਰਾਜ ਕੁਮਾਰ ਲੀਗਲ ਅਡਵਾਈਜ਼ਰ ਸਰਵ ਸੰਮਤੀ ਨਾਲ ਚੁਣੇ ਗਏ. ਨਵੀਂ ਬ੍ਰਾਂਚ ਖੋਲਣ ਵਾਸਤੇ ਹੈਡ ਆਫ਼ਿਸ ਜਲੰਧਰ ਤੋਂ ਜਨਰਲ ਸਕੱਤਰ ਵਰਿੰਦਰ ਕੁਮਾਰ, ਵਿਤ ਸਕੱਤਰ ਬਲਦੇਵ ਰਾਜ ਭਾਰਦਵਾਜ, ਲੀਗਲ ਅਡਵਾਈਜ਼ਰ ਐਡਵੋਕੇਟ ਹਰਭਜਨ ਸਾਂਪਲਾ, ਕਾਰਜ ਕਾਰਿਨੀ ਮੇਂਬਰ ਐਡਵੋਕੇਟ ਕੁਲਦੀਪ ਭੱਟੀ ਅਤੇ ਐਡਵੋਕੇਟ ਪਰਮਿੰਦਰ ਖੁੱਤਣ ਵਿਸ਼ੇਸ਼ ਤੌਰ ਤੇ ਇੰਦੌਰਾ ਪਹੁੰਚੇ. ਇਹ ਬ੍ਰਾਂਚ ਖੋਲਣ ਵਾਸਤੇ ਸੁਭਾਸ਼ ਚੰਦਰ ਮੁਸਾਫ਼ਿਰ (ਹਿਮਾਚਲ ਪ੍ਰਦੇਸ਼) ਦਾ ਵਿਸ਼ੇਸ਼ ਯੋਗਦਾਨ ਰਿਹਾ।



# ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਪੁਰਸਕਾਰਾਂ ਦਾ ਐਲਾਨ

## ਮੋਹਨਜੀਤ ਅਤੇ ਪ੍ਰੇਮ ਸਿੰਘ ਆਰਟਿਸਟ ਨੂੰ ਅੰਮ੍ਰਿਤਾ ਇਮਰੋਜ਼ ਪੁਰਸਕਾਰ ਦਿੱਤੇ ਜਾਣਗੇ

**ਲੁਧਿਆਣਾ (ਬਿਊਰੋ)–** ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵਲੋਂ ਅੱਜ ਕਾਰਜਕਾਰਨੀ ਦੀ ਮੀਟਿੰਗ ਵਿੱਚ ਸਾਲਾਨਾ ਪੁਰਸਕਾਰਾਂ ਦਾ ਐਲਾਨ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਅਕਾਡਮੀ ਦੇ ਪ੍ਰਧਾਨ ਪ੍ਰੋ: ਰਵਿੰਦਰ ਸਿੰਘ ਭੱਠਲ ਤੇ ਜਨਰਲ ਸਕੱਤਰ ਡਾ. ਸੁਰਜੀਤ ਸਿੰਘ ਨੇ ਦਸਿਆ ਕਿ ਬੀਤੇ ਦਿਨੀਂ ਪੁਰਸਕਾਰ ਕਮੇਟੀ ਵਲੋਂ ਕੀਤੇ ਫ਼ੈਸਲੇ ਅਨੁਸਾਰ ਪੰਜਾਬੀ ਕਵੀ ਬੀਬਾ ਬਲਵੰਤ ਵਲੋਂ ਅੰਮ੍ਰਿਤਾ ਇਮਰੋਜ਼ ਦੀ ਯਾਦ ਵਿਚ ਸਥਾਪਿਤ ਇਕਵੰਜਾ ਹਜ਼ਾਰ ਰੁਪਏ ਦਾ ਪੁਰਸਕਾਰ ਸਾਲ 2019 ਲਈ ਪੰਜਾਬੀ ਸ਼ਾਇਰ ਡਾ. ਮੋਹਨਜੀਤ ਅਤੇ 2020 ਲਈ ਪ੍ਰੇਮ ਸਿੰਘ ਆਰਟਿਸਟ ਨੂੰ ਦਿੱਤੇ ਜਾਣ ਫੈਸਲਾ ਕੀਤਾ ਗਿਆ ਹੈ। ਇਹ ਪੁਰਸਕਾਰ ਅੰਮਿਤਾ ਪ੍ਰੀਤਮ ਦੀ ਯਾਦ ਵਿਚ ਅਕਾਡਮੀ ਵਲੋਂ 30-31 ਅਗਸਤ 2019 ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਣ ਵਾਲੇ ਸੈਮੀਨਾਰ ਦੌਰਾਨ ਭੇਟ ਕੀਤੇ ਜਾਣਗੇ।



ਪੰਜਾਬੀ ਦੇ ਪ੍ਰਸਿੱਧ ਰੰਗਕਰਮੀ ਸ: ਗੁਰਸ਼ਰਨ ਸਿੰਘ ਦੀ ਯਾਦ ਵਿਚ ਸਥਾਪਿਤ ਇੱਕੀ ਹਜ਼ਾਰ ਰੁਪਏ ਦਾ ਪੁਰਸਕਾਰ ਕੇਵਲ ਧਾਲੀਵਾਲ ਨੂੰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਪੰਜਾਬੀ ਦੇ ਮਰਹੂਮ ਚਿੰਤਕ ਡਾ. ਰਵਿੰਦਰ ਸਿੰਘ ਰਵੀ ਦੀ ਯਾਦ ਵਿਚ ਦਿੱਤਾ ਜਾਣ ਵਾਲਾ ਪੁਰਸਕਾਰ ਪੰਜਾਬੀ ਦੇ ਪ੍ਰਸਿੱਧ ਗਲਪਕਾਰ ਅਤੇ ਆਲੋਚਕ ਡਾ. ਬਲਦੇਵ ਸਿੰਘ ਧਾਲੀਵਾਲ ਨੂੰ ਦਿੱਤਾ ਜਾਵੇਗਾ। ਇਸ ਪੁਰਸਕਾਰ ਦੀ ਰਾਸ਼ੀ ਵੀ ਇੱਕੀ ਹਜ਼ਾਰ ਰੁਪਏ ਹੈ। ਗੁਰਭਜਨ ਗਿੱਲ ਦੀ ਵਿੱਛੜੀ ਜੀਵਨ ਸਾਥਣ ਪ੍ਰੋ: ਨਿਰਪਜੀਤ ਕੌਰ ਗਿੱਲ ਯਾਦਗਾਰੀ ਇੱਕੀ ਹਜ਼ਾਰ ਰੁਪਏ ਦਾ ਪੁਰਸਕਾਰ ਸਾਲ 2016 ਲਈ ਡਾ. ਜਸਬੀਰ ਕੌਰ ਕੇਸਰ ਚੰਡੀਗੜ੍ਹ ਨੂੰ, ਸਾਲ 2017 ਲਈ ਪ੍ਰੋ. ਰਮੇਸ਼ ਇੰਦਰ ਕੌਰ ਬੱਲ ਲੁਧਿਆਣਾ ਨੂੰ ਅਤੇ 2018 ਲਈ ਡਾ: ਗੁਰਨਾਮ ਕੌਰ ਬੇਦੀ ਅੰਮ੍ਰਿਤਸਰ ਨੂੰ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਪ੍ਰੋ. ਕੁਲਵੰਤ ਜਗਰਾਉਂ ਯਾਦਗਾਰੀ ਪੁਰਸਕਾਰ ਸਾਲ 2015 ਲਈ ਪੰਜਾਬੀ ਸ਼ਾਇਰ ਰਮਨ ਸੰਧੂ ਦੀ ਪੁਸਤਕ 'ਤਾਂ ਸੁਪਨੇ ਕੀ ਸੋਚਣਗੇ' ਅਤੇ ਸਾਲ 2018 ਲਈ ਦੇਵਰਾਜ ਦਾਦਰ ਦੀ ਪੁਸਤਕ 'ਪੌਣ ਪਰਿੰਦੇ ਤੇ ਪਰਵਾਜ਼' ਨੂੰ ਦਿੱਤੇ ਜਾਣ ਦਾ ਫ਼ੈਸਲਾ ਲਿਆ ਗਿਆ ਹੈ। ਪੰਜਾਬੀ ਸਾਹਿਤ ਅਕਾਡਮੀ ਵਲੋਂ 16-17 ਅਗਸਤ 2019 ਨੂੰ ਸ. ਜਸਵੰਤ ਸਿੰਘ ਕੰਵਲ ਦੀ ਜਨਮ ਸ਼ਤਾਬਦੀ ਦੇ ਸੰਬੰਧ ਵਿਚ ਕਰਵਾਏ ਜਾਣ ਵਾਲੇ ਸੈਮੀਨਾਰ ਬਾਰੇ ਦੱਸਿਆ ਕਿ ਇਸ ਸੈਮੀਨਾਰ ਵਿਚ ਸ. ਜਸਵੰਤ ਸਿੰਘ ਕੰਵਲ ਦੀ ਸਾਹਿਤਕ ਸ਼ਖ਼ਸੀਅਤ ਬਾਰੇ ਪੰਜਾਬੀ ਦੇ ਨਾਮਵਰ ਖੋਜਾਰਥੀ ਅਤੇ ਵਿਦਵਾਨ ਆਪਣੇ ਖੋਜ ਪੱਤਰ ਪੇਸ਼ ਕਰਨਗੇ। ਇਸ ਮੌਕੇ ਅਕਾਡਮੀ ਦੀ ਕਾਰਜਕਾਰਨੀ ਦੇ ਹਾਜ਼ਰ ਮੈਂਬਰਾਂ ਨੇ ਸਾਬਕਾ ਪ੍ਰਧਾਨ ਡਾ: ਸ ਸ ਜੌਹਲ ਨੂੰ 92ਵੇਂ ਜਨਮ ਦਿਨ ਦੀ ਲੱਡੂ ਖੁਆ ਕੇ ਮੁਬਾਰਕ ਦਿੱਤੀ।



ਕਾਰਜ ਕਾਰਨੀ ਮੈਂਬਰਾਂ ਨੇ ਅਜੀਤ ਅਖ਼ਬਾਰ ਦੇ ਮੁਖ ਸੰਪਾਦਕ ਡਾ: ਬਰਜਿੰਦਰ ਸਿੰਘ ਹਮਦਰਦ ਵਲੋਂ ਗਾਏ ਡਾ. ਜਗਤਾਰ, ਸੋਹਨ ਸਿੰਘ ਮੀਸ਼ਾ ਅਤੇ ਸੂਫ਼ੀ ਕਵੀਆਂ ਦੇ ਕਲਾਮ ਦੀਆਂ ਤਿੰਨ ਸੀ. ਡੀ.ਜ਼ ਵੀ ਲੋਕ ਅਰਪਨ ਕੀਤੀਆਂ ਗਈਆਂ। ਇਕੱਤਰਤਾ ਵਿੱਚ ਤ੍ਰੈਲੋਚਨ ਲੋਚੀ ਦੇ ਸਾਲਾ ਸਾਹਿਬ ਸ: ਅਨੂਪ ਸਿੰਘ ਜਲੰਧਰ ਦੀ ਅਚਨਚੇਤ ਹੋਈ ਮੌਤ ਤੇ ਵੀ ਦੁੱਖ ਪ੍ਰਗਟ ਕੀਤਾ ਗਿਆ।

# ਸੰਜੀਦਾ ਗਾਇਕ ਸਨਮ ਪੱਤੜ ਦੀ ਅਵਾਜ਼ ਵਿਚ ਰਿਕਾਰਡ ਸਿੰਗਲ ਟਰੈਕ ਦਾ ਪੋਸਟਰ ਰਿਲੀਜ

**ਜਲੰਧਰ (ਬਿਊਰੋ)–** ਬੀਤੇ ਦਿਨੀਂ ਕੇ ਐਲ ਸਹਿਗਲ ਮੈਮੋਰੀਅਲ ਹਾਲ ਜਲੰਧਰ ਵਿਖੇ ਉਘੇ ਲੇਖਕ ਹਰਫੂਲ ਸਿੰਘ ਦੇ ਲਿਖੇ ਧੀਆਂ ਗੀਤ ਦਾ ਸਨਮ ਪੱਤੜ ਦੀ ਅਵਾਜ਼ ਵਿਚ ਰਿਕਾਰਡ ਸਿੰਗਲ ਟਰੈਕ ਦਾ ਪੋਸਟਰ ਰਲੀਜ ਕੀਤਾ ਗਿਆ। ਇਸਨੂੰ ਵੀਹਵੀਂ ਇੱਕੀਵੀਂ ਸਦੀ ਦੇ ਸਿਰਮੌਰ ਤੇ ਚਰਚਿਤ ਸ਼ਾਇਰ ਪਦਮਸ੍ਰੀ ਡਾ ਸੁਰਜੀਤ ਪਾਤਰ, ਡੀ ਜੀ ਪੀ ਇਕਬਾਲ ਪ੍ਰੀਤ ਸਿੰਘ ਸਹੋਤਾ ਆਈ ਪੀ ਐਸ, ਪ੍ਰਿੰਸਿਪਲ ਸੁਖਵਿੰਦਰ ਸਿੰਘ ਰੰਧਾਵਾ, ਉਘੇ ਲੇਖਕ ਬਲਬੀਰ ਸੈਣੀ ਨੰਗਲ, ਪ੍ਰਤਮ ਫਿਲਮ ਪ੍ਰੋਡਕਸ਼ਨ ਡਾਇਰੈਕਟਰ ਸਤਨਾਮ ਚਾਨਾ ਡਾ ਕਰਮਜੀਤ ਸਿੰਘ ਨਡਾਲਾ, ਨਰਿੰਦਰ ਸਿੰਘ ਐਡਵੋਕੇਟ ਪ੍ਰਧਾਨ ਬਾਰ ਐਸੋਸੀਏਸ਼ਨ, ਕੇ ਕੇ ਸ਼ਰਮਾ ਚੇਅਰਮੈਨ ਅਰਬਨ ਬੈਂਕਸ, ਪ੍ਰਮੋਟਰ ਦੀਪਕ ਬਾਲੀ, ਸ਼ਾਇਰ ਕੰਵਰ ਇਕਬਾਲ ਸਿੰਘ ਅਤੇ ਸੁਰਜੀਤ ਸਾਜਨ ਪ੍ਰਧਾਨ ਸਿਰਜਣਾ ਕੇਂਦਰ ਨੇ ਰਲੀਜ ਕੀਤਾ।




ਸਮਾਗਮ ਦੀ ਸੰਚਾਲਨਾ ਕਰਦੇ ਹੋਏ ਪ੍ਰੋਫੈਸਰ ਕੁਲਵੰਤ ਔਜਲਾ ਨੇ ਕਿਹਾ ਕਿ ਜਿੰਨੀ ਗੰਭੀਰਤਾ ਨਾਲ ਹਰਫੂਲ ਸਿੰਘ ਨੇ ਗੀਤ ਲਿਖਿਆ ਹੈ ਓਨੀ ਸ਼ਿੱਦਤ ਤੇ ਸੁਰੀਲੀ ਆਵਾਜ਼ ਵਿੱਚ ਸਨਮ ਨੇ ਪੇਸ਼ਕਾਰੀ ਕੀਤੀ ਹੈ । ਸਨਮ ਪੱਤੜ ਨੇ ਮਿਊਜ਼ਿਕ ਦੀ ਐਮ ਏ ਕੀਤੀ ਹੋਈ ਹੈ ਪਰ ਬੀਏ ਤੱਕ ਮੇਰਾ ਵਿਦਿਆਰਥੀ ਰਹਿਣ ਕਰਕੇ ਮੈਨੂੰ ਮਾਣ ਮਹਿਸੂਸ ਹੁੰਦਾ ਹੈ। ਪ੍ਰਧਾਨਗੀ ਕਰ ਰਹੇ ਡਾ ਸੁਰਜੀਤ ਪਾਤਰ ਨੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਸਨਮ ਮੇਰੇ ਪਿੰਡ ਦਾ ਨੌਜਵਾਨ ਹੈ, ਮੈਨੂੰ ਚੰਗਾ ਲਗਦਾ ਹੈ। ਇਸਨੇ ਰੂਹ ਦੀਆਂ ਤਾਰਾਂ ਛੇੜਨ ਵਾਂਗ ਗੀਤ ਪੇਸ਼ ਕੀਤਾ ਹੈ। ਮੈਂ ਚਾਹੁੰਦਾ ਹਾਂ ਕਿ ਲੱਚਰਤਾ ਤੋ ਦੂਰ ਇਹ ਸੁਚੱਜੀ ਗਾਇਕੀ ਨਾਲ ਜੁੜਿਆ ਰਹੇ ।

ਮੇਰਾ ਅਸ਼ੀਰਵਾਦ ਹਮੇਸ਼ਾ ਇਹਦੇ ਨਾਲ ਹੈ ।ਮੁੱਖ ਮਹਿਮਾਨ ਇਕਬਾਲ ਪ੍ਰੀਤ ਸਿੰਘ ਸਹੋਤਾ ਆਈ ਪੀ ਐਸ ਨੇ ਕਿਹਾ ਕਿ ਹਰਫੂਲ ਸਿੰਘ ਜੀ ਮੇਰੇ ਬਹੁਤ ਕਰੀਬੀ ਹਨ। ਲਗਾਤਾਰ ਤੇ ਵਧੀਆ ਲਿਖ ਰਹੇ ਹਨ ।

ਸਨਮ ਨੇ ਮਧੁਰ ਅਵਾਜ਼ ਵਿਚ ਗਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ ਹੈ। ਇਸ ਗੀਤ ਦੀ ਖ਼ਾਸੀਅਤ ਇਹ ਹੈ ਕਿ ਇਹ ਸਮਾਜਿਕ ਗੀਤ ਪਰਿਵਾਰ ਵਿਚ ਬਹਿ ਕੇ ਸੁਣਿਆ ਜਾ ਸਕਦਾ ਹੈ, ਜੋ ਅੱਜ ਦੇ ਸਮੇ ਦੀ ਲੋੜ ਹੈ, ਮੈਂ ਸਨਮ ਨੂੰ ਸ਼ਾਬਾਸ਼ ਦਿੰਦਾ ਹਾਂ।

ਰਲੀਜਿੰਗ ਉਪਰੰਤ ਸਨਮ ਪੱਤੜ ਨੇ ਭਾਰੀ ਗਿਣਤੀ ਸਰੋਤਿਆਂ ਸਾਹਮਣੇ ਇਹ ਗੀਤ ਪੇਸ਼ ਕਰਨ ਉਪਰੰਤ ਆਖਿਆ ਮੈਂ ਸਾਰਿਆਂ ਦੀ ਹਾਜ਼ਰੀ ਲਈ ਸ਼ੁਕਰਗੁਜ਼ਾਰ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਯੂ ਟਿਊਬ ਤੇ ਸਨਮ ਪੱਤੜ ਧੀਆਂ ਗੀਤ ਲਿਖਕੇ ਸਰਚ ਕਰਕੇ ਸੁਣਨ ਉਪਰੰਤ ਮੈਨੂੰ ਅਣਮੁੱਲੀ ਰਾਏ ਦੇਣ ਦੀ ਕਿਰਪਾਲਤਾ ਕਰਨਾ ਤਾਂ ਜੋ ਸਮਾਜ ਵਿਚ ਧੀਆਂ ਨੂੰ ਬਣਦਾ ਮਾਨ ਸਨਮਾਨ ਮਿਲਣ ਵਿਚ ਇਹ ਯਤਨ ਸਾਰਥਕ ਸਿੱਧ ਹੋ ਸਕੇ।



ਅੰਤ ਵਿੱਚ ਹਰਫੂਲ ਸਿੰਘ ਵਲੋਂ ਹਾਜ਼ਰ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਸਮਾਗਮ ਵਿੱਚ ਹੋਰਾਂ ਤੋ ਇਲਾਵਾ ਜਤਿੰਦਰ ਮੋਹਨ ਵਿੱਗ ਜਨਤਾ ਸੰਸਾਰ, ਪ੍ਰੋਫੈਸਰ ਗੋਪਾਲ ਬੁੱਟਰ, ਕਰਨਲ ਪ੍ਰਿਥੀਪਾਲ ਸਿੰਘ, ਬਾਬਾ ਬੱਬੀ ਬਾਦਸ਼ਾਹ, ਰੂਪ ਦਬੁਰਜੀ, ਪ੍ਰੋਫੈਸਰ ਗੁਰਨਾਮ ਸਿੰਘ, ਪਰਮ ਆਗ਼ਾਜ਼, ਆਦਲ ਦਿਆਲਪੁਰੀ, ਮੈਡਮ ਜਸਵਿੰਦਰ ਫਗਵਾੜਾ, ਜਗਦੀਸ਼ ਕੌਰ, ਪ੍ਰੋਫੈਸਰ ਸਰਦੂਲ ਔਜਲਾ, ਰਾਜਵਿੰਦਰ ਜਰਮਨੀ, ਅਮਰਜੀਤ ਸਿੰਘ ਹੁਸ਼ਿਆਰਪੁਰ, ਮੈਡਮ ਮਲਕੀਤ ਬਸਰਾ, ਦੀਸ਼ ਦਬੁਰਜੀ, ਜਗਦੀਸ਼ ਸਿੰਘ ਸਹੋਤਾ, ਨੱਕਾਸ਼ ਚਿਤੇਆਣੀ, ਗੁਰਦੀਪ ਗਿੱਲ, ਮਾਸਟਰ ਕਿਸ਼ਨ ਲਾਲ, ਜਸਵਿੰਦਰ ਕੋਟ, ਸੁਮਨ ਘੋੜਾਵਾਹਾ, ਪ੍ਰੋਫੈਸਰ ਬਲਦੇਵ ਸਿੰਘ ਵਾਲੀਆ, ਕੁਲਵਿੰਦਰ ਕੌਰ ਢਿੱਲੋਂ ਆਦਿ ਦੀ ਹਾਜ਼ਰੀ ਵਿਸ਼ੇਸ਼ ਵਰਨਣਯੋਗ ਹੈ ।

# ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਨਤਮਸਤਕ ਹੋਏ ਕੈਪਟਨ ਸਰਕਾਰ ਵਲੋਂ ਨਿਯੁਕਤ ਕਾਰਪੋਰੇਸ਼ਨ ਚੇਅਰਮੈਨ ਸੂਦ





**ਫਗਵਾੜਾ–** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਪੰਜਾਬ ਦੇ ਨਵ ਨਿਯੁਕਤ ਚੈਅਰਮੈਨ ਮੋਹਨ ਲਾਲ ਸੂਦ (ਰਿਟਾਇਰਡ ਨਿਗਰਾਨ ਇੰਜੀਨੀਅਰ ਪੀ. ਡਬਲਯੂ. ਡੀ) ਨੇ ਅਹੁਦਾ ਸੰਭਾਲਣ ਉਪਰੰਤ ਅੱਜ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬਾਨ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫਤਰ ਵਿਖੇ ਚੇਅਰਮੈਨ ਸੂਦ ਦਾ ਸਮਾਜਿਕ ਅਤੇ ਧਾਰਮਿਕ ਗਤੀਵਿਧੀਆਂ ਵਿਚ ਨਿਭਾਈਆਂ ਜਾ ਰਹੀਆਂ ਵਢਮੁੱਲੀਆਂ ਸੇਵਾਵਾਂ ਲਈ ਸ੍ਰ. ਅੰਮ੍ਰਿਤਪਾਲ ਸਿੰਘ ਅਤੇ ਹੋਰਨਾਂ ਵਲੋਂ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ। ਸ੍ਰੀ ਸੂਦ ਨੇ ਕਿਹਾ ਕਿ ਉਹਨਾਂ ਹਮੇਸ਼ਾ ਗੁਰੂਆਂ ਦੇ ਦਰਸਾਏ ਮਾਰਗ ਤੇ ਚਲਦੇ ਹੋਏ ਸਮਾਜਿਕ ਤੇ ਧਾਰਮਿਕ ਕੰਮਾਂ ਨੂੰ ਪਹਿਲ ਦਿੱਤੀ ਹੈ 'ਤੇ ਹੁਣ ਚੈਅਰਮੈਨ ਹੋਣ ਦੇ ਨਾਤੇ ਗੁਰੂ ਸਾਹਿਬਾਨ ਤੋਂ ਸੇਧ ਲੈ ਕੇ ਪੰਜਾਬ ਸਰਕਾਰ ਦੀਆਂ ਨੀਤੀਆਂ ਅਨੁਸਾਰ ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਦਾ ਆਰਥਿਕ ਪੱਧਰ ਤੇ ਵਿਦਿਅਕ ਪੱਧਰ ਉੱਚਾ ਚੁੱਕਣ ਲਈ ਹਰ ਸੰਭਵ ਯਤਨ ਕਰਨਗੇ। ਸ੍ਰੀ ਸੂਦ ਆਪਣੀ ਅੰਮ੍ਰਿਤਸਰ ਫੇਰੀ ਦੌਰਾਨ ਨਗਰ ਨਿਗਮ ਅੰਮ੍ਰਿਤਸਰ ਦਫਤਰ ਵੀ ਪੁੱਜੇ ਜਿੱਥੇ ਮੇਅਰ ਕਰਮਜੀਤ ਸਿੰਘ ਰਿੰਟੂ ਅਤੇ ਹੋਰਨਾਂ ਨੇ ਗੁਲਦਸਤਾ ਭੇਂਟ ਕਰਕੇ ਉਹਨਾਂ ਦਾ ਨਿੱਘਾ ਸਨਮਾਨ ਅਤੇ ਸਵਾਗਤ ਕੀਤਾ। ਇਸ ਦੌਰਾਨ ਉਹਨਾਂ ਮੇਅਰ ਰਿੰਟੂ ਨਾਲ ਅੰਮ੍ਰਿਤਸਰ ਵਿਖੇ ਨਗਰ ਨਿਗਮ ਅਧੀਨ ਚਲ ਰਹੇ ਵਿਕਾਸ ਕਾਰਜਾਂ ਦੀ ਜਾਣਕਾਰੀ ਵੀ ਹਾਸਲ ਕੀਤੀ।

# ਸਿਰਮੌਰ ਪੱਤਰਕਾਰ ਰਵੀਸ਼ ਕੁਮਾਰ ਨੂੰ ਮਿਲੇ ਪੁਰਸਕਾਰ ਦੀ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਸ਼ਲਾਘਾ

**ਜਲੰਧਰ–** ਨਾਮਵਰ ਪੱਤਰਕਾਰ ਰਵੀਸ਼ ਕੁਮਾਰ ਨੂੰ ਮੈਗਸਾਸੇ ਸਨਮਾਨ ਚਿੰਨ੍ਹ ਨਾਲ ਸਨਮਾਨਤ ਕੀਤੇ ਜਾਣ ਮੌਕੇ ਰਵੀਸ਼ ਕੁਮਾਰ ਦੀ ਪੱਤਰਕਾਰਤਾ ਜਗਤ ਅੰਦਰ ਨਿਭਾਈ ਮਿਸਾਲੀ ਭੂਮਿਕਾ ਨੂੰ ਸਲਾਮ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਰਵੀਸ਼ ਕੁਮਾਰ, ਉਹਨਾਂ ਦੇ ਪਰਿਵਾਰ ਅਤੇ ਸੰਗੀ ਸਾਥੀਆਂ ਨੂੰ ਮੁਬਾਰਕਬਾਦ ਦਿੱਤੀ ਗਈ। ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ ਬੈਠਕ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ,



ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਲਾਇਬ੍ਰੇਰੀ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਗਨ-ਪ੍ਰੀਖਿਆ ਦੇ ਅਨੇਕਾਂ ਦੌਰਾਂ ਵਿਚੋਂ ਗੁਜ਼ਰਦਿਆਂ ਰਵੀਸ਼ ਕੁਮਾਰ ਨੇ ਹੱਕ, ਸੱਚ ਅਤੇ ਇਨਸਾਫ਼ ਦਾ ਪੱਲਾ ਨਹੀਂ ਛੱਡਿਆ। ਉਹਨਾਂ ਦੀ ਕਲਮ ਨੂੰ ਕੋਈ ਵੀ ਸ਼ਕਤੀ ਨਾ ਖਰੀਦ ਸਕੀ ਨਾ ਦਬਾਅ ਪਾ ਕੇ ਖ਼ਾਮੋਸ਼ ਕਰ ਸਕੀ। ਉਹਨਾਂ ਦੀ ਪੱਤਰਕਾਰਤਾ ਦਾ ਇਤਿਹਾਸ ਸਾਡੇ ਸਮਿਆਂ ਦਾ ਗੌਰਵਮਈ ਇਤਿਹਾਸ ਬਣ ਗਿਆ ਹੈ।

# ਪਾਣੀ ਦੀ ਸੰਭਾਲ ਲਈ ਸਰਬ ਪਾਰਟੀ ਮੀਟਿੰਗ ਛੇਤੀ ਸੱਦਾਂਗੇ: ਕੈਪਟਨ

ਚੰਡੀਗੜ੍ਹ- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿੱਚ ਝੋਨੇ ਦੀ ਲਵਾਈ ਦੀ ਤਰੀਕ 20 ਜੂਨ ਤੋਂ ਬਦਲ ਕੇ ਇਕ ਜੂਨ ਕੀਤੇ ਜਾਣ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ। ਸਦਨ ਵਿੱਚ ਅੱਜ ਇਕ ਸਵਾਲ ਦੇ ਜਵਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਇਸ ਸਾਲ ਝੋਨੇ ਦੀ ਲਵਾਈ ਦੀ ਤਰੀਕ 13 ਜੂਨ ਤਜਰਬੇ ਦੇ ਤੌਰ 'ਤੇ ਤੈਅ ਕੀਤੀ ਗਈ ਸੀ ਅਤੇ ਲਵਾਈ ਦੇ ਨਿਰਧਾਰਤ ਸਮੇਂ 'ਚ ਕੀਤੀ ਤਬਦੀਲੀ ਨੂੰ ਪੱਕੇ ਤੌਰ 'ਤੇ ਮਿੱਥਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਉਨ੍ਹਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਦੀ ਅੰਨ੍ਹੇਵਾਹ ਵਰਤੋਂ ਨੂੰ ਠੱਲ੍ਹ ਪਾਉਣ ਅਤੇ ਪਾਣੀ ਬਚਾਉਣ ਲਈ ਫਸਲ ਚੱਕਰ ਨੂੰ ਬਦਲਣ ਲਈ ਵਿਆਪਕ ਰਣਨੀਤੀ ਉਲੀਕਣ ਲਈ ਛੇਤੀ ਸਰਬ ਪਾਰਟੀ ਮੀਟਿੰਗ ਸੱਦੀ ਜਾਵੇਗੀ।

ਉਨ੍ਹਾਂ ਸੂਬੇ ਵਿੱਚ ਪਾਣੀ ਦੀ ਮੌਜੂਦਾ ਸਥਿਤੀ ਨਾਲ ਨਜਿੱਠਣ ਲਈ ਸਾਰੀਆਂ ਪਾਰਟੀਆਂ ਨੂੰ ਸਿਆਸੀ ਮੱਤਭੇਦਾਂ ਤੋਂ ਉਪਰ ਉਠ ਕੇ ਇਕਜੁੱਟਤਾ ਦਿਖਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਇਸ ਵੇਲੇ ਪਾਣੀ ਦੀ ਵੱਡੀ ਘਾਟ ਨਾਲ ਜੂਝ ਰਿਹਾ ਹੈ। ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ 'ਤੇ ਚਿੰਤਾ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਸਾਲ 2019 ਵਿੱਚ ਪ੍ਰਕਾਸ਼ਿਤ 'ਗਤੀਸ਼ੀਲ ਜ਼ਮੀਨਦੋਜ਼ ਪਾਣੀ ਅਨੁਮਾਨਿਤ ਰਿਪੋਰਟ-2017' ਦਾ ਜ਼ਿਕਰ ਕੀਤਾ ਜਿਸ ਅਨੁਸਾਰ ਸੂਬੇ ਦੇ ਸਾਰੇ ਬਲਾਕਾਂ ਨੂੰ ਦਰਸਾਉਂਦੇ 138 ਬਲਾਕਾਂ ਵਿੱਚੋਂ 109 ਬਲਾਕ ਓਵਰ ਐਕਸਪਲੌਇਟਿਡ ਸ਼੍ਰੇਣੀ (ਜਿੱਥੇ ਜ਼ਮੀਨ ਹੇਠਲਾ ਪਾਣੀ ਰਿਚਾਰਜ ਤੋਂ ਵੱਧ ਕੱਢਿਆ ਗਿਆ) ਵਿੱਚ ਸ਼ਾਮਲ ਹਨ।

# ਪੜ੍ਹੋ ਜੁੜੋ ਸੰਘਰਸ਼ ਕਰੋ ਗਰੁੱਪ ਵਲੋਂ ਮੀਟਿੰਗ

**ਹੁਸ਼ਿਆਰਪੁਰ–** ਪੜ੍ਹੋ ਜੁੜੋ ਸੰਘਰਸ਼ ਕਰੋ ਗਰੁੱਪ ਵਲੋਂ ਹੁਸ਼ਿਆਰਪੁਰ ਦੇ ਪਿੰਡ ਸ਼ੇਰਪੁਰ ਪੱਕਾ ਵਿਖੇ ਮਿਸ਼ਨਰੀ ਸਾਥੀ ਹਰਮੇਸ਼ ਜੀ, ਬਲਵਿੰਦਰ ਜੀ ਦੀ ਅਗਵਾਈ ਵਿੱਚ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਪੜ੍ਹੋ ਜੁੜੋ ਬਹੁਤ ਸਾਰੇ ਸਾਥੀਆਂ ਨੇ ਆਪੋ-ਆਪਣੇ ਵਿਚਾਰ ਸਾਂਝੇ ਕੀਤੇ ਮੀਟਿੰਗ ਵਿੱਚ ਬਲਵਿੰਦਰ ਸੀਕਰੀ ਜੀ ਬਾਮਸੇਫ ਆਗੂ ਬਸਪਾ ਹਰਮੇਸ਼ ਜੀ ਦੁਬਈ, ਬਲਵਿੰਦਰ ਜੀ ਦੁਬਈ, ਮਿਸ਼ਨਰੀ ਸਿੰਗਰ ਬਲਵਿੰਦਰ ਬਿੱਟੂ ਜੀ, ਵਿਜੇ ਖਾਨਪੁਰੀ



ਸੰਘਰਸ਼ ਕਰੋ ਗਰੁੱਪ ਦੇ ਸਾਰੇ ਹੀ ਮਿਸ਼ਨਰੀ ਯੋਧਿਆ ਵਲੋਂ ਮਿਸ਼ਨ ਨੂੰ ਅੱਗੇ ਵਧਾਉਣ ਲਈ ਪ੍ਰੋਜੈਕਟਾਂ ਦੀ ਸੇਵਾ ਕੀਤੀ ਬਹੁਤ ਹੀ ਸ਼ਲਾਘਾਯੋਗ ਫੈਸਲਾ ਏਨਾ ਵੀਰਾ ਦਾ ਜਿਹੜੇ ਵਿਦੇਸ਼ਾਂ ਵਿੱਚ ਬੈਠ ਕੇ ਵੀ ਸਖ਼ਤ ਧੁੱਪਾਂ 'ਚ ਕਮਾਈਆਂ ਕਰ ਕੇ ਵੀ ਮਿਸ਼ਨ ਲਈ ਏਨਾ ਸੋਚਦੇ ਆ।

ਸੋ ਬਹੁਤ ਵਧੀਆ ਮੀਟਿੰਗ ਰਹੀ। ਜੀ, ਰਾਜ ਕੁਮਾਰ ਕੈਲੋ ਜੀ ਸਾਬਕਾ ਸੈਨਿਕ, ਵਿਨਾਇਕ ਜੀ, ਮਨਜੀਤ ਸੋਨੂੰ ਬੀ ਵੀ ਐਫ ਜੋਨ ਇੰਚਾਰਜ ਜਲੰਧਰ ਤੇ ਹੋਰ ਵੀ ਬਹੁਤ ਸਾਰੇ ਸਾਥੀ ਮੀਟਿੰਗ ਵਿੱਚ ਮੌਜੂਦ ਰਹੇ ਇੱਕ ਵਾਰ ਫਿਰ ਤੋ ਅਸੀਂ ਬੀ ਵੀ ਐਫ ਪੰਜਾਬ ਵਲੋਂ ਪੜ੍ਹੋ ਜੁੜੋ ਸੰਘਰਸ਼ ਕਰੋ ਗਰੁੱਪ ਦੇ ਸਾਰੇ ਮਿਹਨਤੀ ਸੰਘਰਸ਼ ਸ਼ੀਲ ਯੋਧਿਆਂ ਦਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ।




# Pittsburgh Teeyan Da Mela

Pittsburg's Teeyan da Mela was a vision of Mrs. Parmjit K. Raju. With the support of the Raju family and under organization of Dr. Ruby Raju they celebrated their 5th year on July 27. The final count was 400+ attendances and 100+ participants making the diverse event happen. What makes the Pittsburg Teeyan da Mela unique is the collaboration with sisters from other cities and opening the invite to celebrate all daughters from the desi community. It's truly been an innovative approach to creating bridges within the community and addressing generation gaps with sustaining the traditional ghidda and bolyian while integrating cultural guest groups. The event has been supported with wonderful committed ladies that worked endlessly to bring forth 28 performances.

A special thank you to: Kashmir Kaur, Suman Heer, Satya Dass, Parmjit Kaur w/ Spice of India, Heena Banga, Kamaljeet Bhatiya, and Manit Kaur. A special thank you to the Fulgham-Raju for working behind the scenes with the prop designs.

Their were many great organizations such as DesiRoot.Org and Punjabi Multi-Cultural Society for sponsoring the event. There were many energic desi ladies in the community that made this event possible with their support and due to the long list we were unable to list everyone.

Lastly, each year the Pittsburg Teeyan da Mela adds or changes the event to keep it fresh. In 2017 Dr. Neeta Bijoor, NASA Ames – NSF Science & Engineering Fellow, was part of our key note speaker to challenge our Desi Community ladies to go beyond the horizon. This year, 2019, they added an all age Punjabian Fashion Show that was lead young children and ended with the Desi Ladies. Lets see what next year brings.



**- Report**
**Dr. Ruby Raju**















Read more
www.ambedkartimes.com



Mrs. Parmjit Raju, Dr. Ruby Raju & Mr. Ram Parkash









Indoor Bazaar






ਘਰ ਅਤੇ ਦਫਤਰ ਨੂੰ ਫਰਨੀਚਰ ਨਾਲ ਸਜਾਉਣਾ ਹੋਇਆ ਹੁਣ ਹੋਰ ਸਸਤਾ
Todo disponible
Compre Hoy y Recoja el mismo dia
GRANDES ESPECIALES
TODO EL VERANO
SI MENCIONA ESTE ANUNCIO
Liquidation Outlet
www.thebargainoutlet.com
NO CREDIT CHECK
Mayoreo y Menudeo
LLEVATELO CON $40 DE ENGANCHE
Stockton 209-467-8650 Modesto 209-581-9606
Room Dividers - Black and Natural Wood $49.99
LIMITED TIME OFFER
5PC RECLINER SET 999.99 TAX
W/3PC COFFEE AND END TABLS 2LAMPS AND A RUG
Queen Bed Mattress Included $399.99
Liquidation Collection
FREE RUG!
$599.99+tax
4pc Sectional FREE RUG! $519.99
5pc Pub Set Table - 4 Chairs $239.99
Heavy Duty with 2 Leaves
7pc Dining Set Table-6 Chairs $689.99
Wood Kids Twin Full Bunk Bed Under Storage / Mattresses Included $559.99
Limited Time Special Order!
Large Futon - Heavy Duty $189.99
Cherry Queen or Full Bed Night-Stand Dresser Mirror $499.99
IN STOCK!
FREE RUG!
7pc Dinette Set Table - 6 Chairs $529.99
ALWAYS IN STOCK & the LOWEST PRICES!
DINING ROOM SET
SUPER SPECIAL Package Deal
www.TheBargainOutlet.com
$1199.99+tax
Pub Table 4 Chairs and Bench $429.99+TAX
DOUBLE FLIP PILLOW TOP
Box and Mattress
TWIN $169.99 QUEEN $249.99
FULL $209.99 KING $309.99
TAPETE GRATIS
CON VALOR DE $60
EN CUALQUIER COMPRA
DE $500 O MAS
TAPETE DE 5X8
Twin Bunkie $65.99+tax
Twin box and Mattress $109.99+tax
Full box and Mattress $139.99+tax
Queen box and Mattress $169.99+tax
King box and Mattress $229.99+tax
IN STOCK!
SUPER Mattress SALE
3pc Coffee Table Set
5pc MINI SECTIONAL W/3PC GLASS Set 449.99
Stoves Starting at $199.99
Free Coat-Rack
Refrigerators Starting at $199.99
ESPECIAL DE LAS LAVADORAS
Washers & Dryers Starting at $399.99
WE MEET OR BEAT ANY PRICES
2301 Fairview Dr # A, Ceres, CA 95307 • 528 E. Weber Ave. Stockton CA 95202
Ceres (209)581-9606 Stockton (209) 467-8650

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

## WASH, LUBE, BRAKES

Call:

650-642-0697

## 3525 Highway 99, West Corning, CA 96021

Across the Street from TA Truck Stop



# TANDOOR Indian Restaurant

## 27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



## ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET

LUNCH

11:00 AM

To 3:00 PM



ਸੁਰਿੰਦਰ 'ਕੋਕਾ' ਧਲੇਤਾ

## Ph. 510-885-1212, Fax. 510-885-1532

## We are open seven days 11 AM to 10 PM


# ਮਹਾਂਰਿਸ਼ੀ ਵਾਲਮੀਕ ਟੈਂਪਲ ਵਿਖੇ ਹਫਤਾਵਾਰੀ ਪ੍ਰੋਗਰਾਮ ਮਨਾਇਆ ਗਿਆ













**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਮਹਾਂਰਿਸ਼ੀ ਵਾਲਮੀਕ ਟੈਂਪਲ 84/84 ਪਰਸੀ ਐਵੇਨਿਊ ਯੂਬਾ ਸਿਟੀ ਵਿਖੇ ਹਫਤਾਵਾਰੀ ਪ੍ਰੋਗਰਾਮ ਮਨਾਇਆ ਗਿਆ।

ਇਸ ਹਫਤੇ ਮੰਦਰ ਵਿਚ ਵਿਸ਼ੇਸ਼ ਰੌਣਕਾਂ ਸਨ ਕਿਉਂਕਿ ਸ. ਜੋਗਿੰਦਰ ਸਿੰਘ ਸ਼ੌਂਕੀ ਤੇ ਸਮੂਹ ਪਰਿਵਾਰ ਵੱਲੋਂ ਉਹਨਾਂ ਦੇ ਬੇਟੇ ਜਾਰਡਨ ਨਾਹਰ ਦਾ ਜਨਮ ਦਿਨ ਮਨਾਇਆ ਗਿਆ। ਸਮੂਹ ਸੰਗਤਾਂ ਵੱਲੋਂ ਬੱਚੇ ਦੇ ਜਨਮ ਦਿਨ ’ਤੇ ਸਮੂਹ ਨਾਹਰ ਪਰਿਵਾਰ ਨੂੰ ਮੁਬਾਰਕਾਂ ਦਿੱਤੀਆਂ ਤੇ ਜਾਰਡਨ ਨਾਹਰ ਨੂੰ ਸ਼ੁਭ ਕਾਮਨਾਵਾਂ ਵੀ ਦਿੱਤੀਆਂ ਗਈਆਂ। ਕਲਾਕਾਰ ਭੁਪਿੰਦਰ ਭਿੰਦਾ, ਵਿਸ਼ਾਲ ਸ਼ਰਬਤੀ, ਬਲਵੀਰ ਧਾਰੀਵਾਲ (ਸ਼ੌਂਕੀ), ਰੋਹਤਾਸ਼ ਸਿੰਘ ਭਗਾਣੀਆਂ ਤੇ ਛੋਟੀ ਬੱਚੀ ਸਿਮਰਨਜੀਤ ਕੌਰ ਭਗਾਣੀਆਂ ਨੇ ਬਹੁਤ ਪਿਆਰੇ ਸ਼ਬਦ ਗਾਏ ਗਏ ਤੇ ਪ੍ਰਕਾਸ਼ ਸਿੰਘ ਗਿੱਲ ਵੱਲੋਂ ਕਥਾ ਕੀਤੀ ਗਈ ਜੋ ਕਿ ਸੰਗਤਾਂ ਨੇ ਬਹੁਤ ਹੀ ਪਿਆਰ ਤੇ ਸਤਿਕਾਰ ਨਾਲ ਸਰਬਣ ਕੀਤੀ। ਸਵੇਰ ਤੋਂ ਸ਼ਾਮ ਤੱਕ ਲੰਗਰਾਂ ਦੀ ਅਤੁੱਟ ਸੇਵਾ ਚਲਦੀ ਰਹੀ। ਇਸ ਹਫਤੇ ਲੰਗਰਾਂ ਦੀ ਸੇਵਾ ਵੀ ਜੋਗਿੰਦਰ ਸਿੰਘ ਸ਼ੌਂਕੀ ਤੇ ਸਮੂਹ ਪਰਿਵਾਰ ਵੱਲੋਂ ਬੱਚੇ ਦੇ ਜਨਮ ਦਿਨ ਦੀ ਖੁਸ਼ੀ ਵਿਚ ਕੀਤੀ ਗਈ। ਸਮੂਹ ਸੰਗਤਾਂ ਨੇ ਰਲ-ਮਿਲ ਕੇ ਅਰਦਾਸ ਕੀਤੀ ਕਿ ਇਹੋ ਜਿਹੀਆਂ ਖੁਸ਼ੀਆਂ ਸਤਿਗੁਰ ਵਾਲਮੀਕ ਜੀ ਸਭ ਨੂੰ ਬਖਸ਼ਿਸ਼ ਕਰਨ। ਸਟੇਜ ਸਕੱਤਰ ਦੀ ਸੇਵਾ ਹਰ ਵਾਰ ਦੀ ਤਰ੍ਹਾਂ ਸੰਤੋਖ ਸਿੰਘ ਗਿੱਲ ਵੱਲੋਂ ਨਿਭਾਈ ਗਈ। ਪ੍ਰੋਗਰਾਮ ਦੇ ਅੰਤ ਵਿਚ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਹਰ ਹਫਤੇ ਇਸੇ ਤਰ੍ਹਾਂ ਗੁਰ ਚਰਨਾਂ ਵਿਚ ਹਾਜ਼ਰੀ ਲਗਵਾਉਣ ਦੀ ਬੇਨਤੀ ਕੀਤੀ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਸੰਤੋਖ ਸਿੰਘ ਵੱਲੋਂ ਦਿੱਤੀ ਗਈ।

**(ਰਿਪੋਰਟ ਅਤੇ ਤਸਵੀਰਾਂ– ਸੰਤੋਖ ਸਿੰਘ ਗਿੱਲ)**

## ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 13 ਅਕਤੂਬਰ ਨੂੰ ਮਨਾਇਆ ਜਾਵੇਗਾ

ਕੋਈ ਵੀ ਸੇਵਾਦਾਰ ਕਿਸੇ ਤਰ੍ਹਾਂ ਦੀ ਸੇਵਾ ਲੈਣ ਦੇ ਚਾਹਵਾਨ ਹੋ, ਪ੍ਰਧਾਨ ਪ੍ਰੇਮ ਸੌਂਧੀ ਨਾਲ 530-813-3877 ’ਤੇ ਸੰਪਰਕ ਕਰੋ ਜੀ।



ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਲੰਘੇ ਐਤਵਾਰ 28 ਜੁਲਾਈ 2019 ਨੂੰ ਸ. ਕੁਲਦੀਪ ਸਿੰਘ ਦੇ ਪੋਤਰੇ ਸ. ਬਲਜੀਤ ਸਿੰਘ ਇਟਲੀ ਦਾ ਸਿਰੋਪਾਓ ਨਾਲ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ।
ਗੁਰੂ ਘਰ ਦੇ ਪ੍ਰਧਾਨ ਸ. ਕਰਮ ਸਿੰਘ ਬੰਗੜ ਅਤੇ ਮੁੱਖ ਗ੍ਰੰਥੀ ਸਿੰਘ ਭਾਈ ਸਾਹਿਬ ਰਾਮ ਸਿੰਘ ਜੀ ਆਦਿ ਨਾਲ ਦਿਖਾਈ ਦੇ ਰਹੇ ਹਨ।
ਫੋਟੋ ਤੇ ਵੇਰਵਾ– ਦੇਸ ਰਾਜ ਬੰਗੜ




KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust

# ਸ਼ਹੀਦ ਸੁੱਖਾ ਸਿੰਘ- ਮਹਿਤਾਬ ਸਿੰਘ (11 ਅਗਸਤ 1740)



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਮੁਗਲਾਂ ਨੇ ਸਿੰਘਾਂ ਤੇ ਤਸ਼ੱਦਦ ਦੀ ਇਕ ਮੁਹਿੰਮ ਹੀ ਚਲਾ ਦਿੱਤੀ। ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਦੇ ਖ਼ੂਨੀ ਇਰਾਦੇ ਨੇ ਸਿੰਘਾਂ ਨੂੰ ਮੁਕਾਉਣ ਦਾ ਐਲਾਨ ਕਰ ਦਿੱਤਾ। ਸਿੰਘ ਇਹਨਾਂ ਜ਼ੁਲਮਾਂ ਤੋਂ ਬਚਣ ਲਈ ਲੱਖੀ ਜੰਗਲ, ਰਾਜਪੂਤਾਨੇ ਦੇ ਰੇਗਿਸਤਾਨ ਅਤੇ ਕਾਹਨੂੰਵਾਨ ਦੇ ਛੰਬ ਵਿਚ ਚਲੇ ਗਏ। ਹਕੂਮਤ ਨੇ ਹਰਿਮੰਦਰ ਸਾਹਿਬ 'ਤੇ ਕਬਜ਼ਾ ਕਰਕੇ ਮੰਡਿਆਲੀ ਦੇ ਚੌਧਰੀ 'ਮੱਸਾ ਰੰਘੜ' ਨੂੰ ਸੌਂਪ ਦਿੱਤਾ। ਹਕੂਮਤ ਦੀ ਸ਼ਹਿ ਤੇ ਉਸ ਭ੍ਰਿਸ਼ਟ ਨੇ ਗੁਰਮਰਿਆਦਾ ਨੂੰ ਪਰੇ ਕਰ ਆਪਣੀਆਂ ਭ੍ਰਿਸ਼ਟ ਮਨਮਾਨੀਆਂ ਸ਼ੁਰੂ ਕਰ ਦਿੱਤੀਆਂ ਕਿ ਹਰਿਮੰਦਰ ਸਾਹਿਬ ਵਿਚ ਹੁੱਕਾ ਪੀਣਾ, ਵੇਸ਼ਵਾਵਾਂ ਦੇ ਨਾਚ ਕਰਵਾਉਣਾ, ਸ਼ਰਾਬ ਦੀਆਂ ਮਜਲਿਸਾਂ ਸਜਣ ਲੱਗੀਆਂ।

ਸਿੱਖਾਂ ਵਿਚ ਗੁੱਸੇ ਦੀ ਲਹਿਰ ਦੌੜ ਪਈ। ਪਿੰਡ ਕੰਗ ਦੇ ਭਾਈ ਬਲਾਕਾ ਸਿੰਘ ਨੇ ਹਰਿਮੰਦਰ ਸਾਹਿਬ ਦੀ ਹੋ ਰਹੀ ਬੇਅਦਬੀ ਦੀ ਖਬਰ ਬੀਕਾਨੇਰ ਦੇ ਰੇਗਿਸਤਾਨ ਵਿਚ ਵੱਸੇ ਸਿੰਘਾਂ ਨੂੰ ਜਾ ਦਿੱਤੀ। ਇਸ 'ਤੇ ਸਿੰਘਾਂ ਦਾ ਖ਼ੂਨ ਖੌਲ੍ਹਣ ਲੱਗਾ ਕਿ ਸਿਰ ਵਾਰ ਕੇ ਵੀ ਧਰਮ ਦੀ ਰਾਖੀ ਕੀਤੀ ਜਾਵੇ। ਜਥੇਦਾਰ ਬੁੱਢਾ ਸਿੰਘ ਜੀ ਨੇ ਕਿਹਾ ਕਿ ਜਿਹੜਾ ਮੱਸਾ ਰੰਘੜ ਦਾ ਸਿਰ ਵੱਢ ਕੇ ਲਿਆਵੇਗਾ, ਉਹ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੇਗਾ। ਇਹ ਵੰਗਾਰ ਸੁਣ ਕੇ ਦੀਵਾਨ ਵਿਚੋਂ ਪਿੰਡ 'ਮਾੜੀ ਕੰਬੋਕੀ' ਦੇ ਭਾਈ ਸੁੱਖਾ ਸਿੰਘ ਤੇ ਮੀਰਾਂਕੋਟ ਦੇ ਭਾਈ ਮਹਿਤਾਬ ਸਿੰਘ ਨੇ ਕਿਹਾ ਕਿ ਸਾਡੇ ਚੰਗੇ ਭਾਗ ਹੋਣਗੇ ਕਿ ਅਸੀਂ 'ਮੱਸਾ ਰੰਗੜ' ਦਸ ਸਿਰ ਵੱਢ ਕੇ ਭੇਂਟ ਕਰੀਏ। ਇਸ ਵਿਚ ਭਾਵੇਂ ਸਾਨੂੰ ਸ਼ਹੀਦ ਹੀ ਕਿਉਂ ਨਾ ਹੋਦਾ ਪਵੇ।

ਅਰਦਾਸਾ ਸੋਧ ਕੇ ਦੋਵੇਂ ਸੂਰਬੀਰ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਚੌਧਰੀਆਂ ਦਾ ਭੇਸ ਵਟਾ ਕੇ ਘੋੜਿਆਂ ਤੇ ਸਵਾਰ ਹੋ ਕੇ ਦੁਸ਼ਟ ਮੱਸਾ ਰੰਗੜ ਨੂੰ ਖਤਮ ਕਰਨ ਲਈ ਚੱਲ ਪਏ। ਰਸਤੇ ਵਿਚ ਉਹਨਾਂ ਇਕ ਖੂਹ 'ਤੇ ਟਿਕਾਣਾ ਕੀਤਾ। ਉਹ ਸਲਾਹ ਕਰਨ ਲੱਗੇ ਕਿ ਇਹ ਉਪਰਾਲਾ ਕਿਵੇਂ ਕੀਤਾ ਜਾਵੇ। ਉਹਨਾਂ ਨੇ ਨੇੜਲੇ ਘੁੰਮਿਆਰ ਦੇ ਆਵੇ ਤੋਂ ਘੜੇ ਖਰੀਦ ਕੇ ਉਹਨਾਂ ਨੂੰ ਭੰਨ ਕੇ ਠੀਕਰੀਆਂ ਬਣਾ ਲਈਆਂ। ਠੀਕਰੀਆਂ ਥੈਲੀਆਂ ਵਿਚ ਪਾ ਲਈਆਂ ਕਿ ਉਹਨਾਂ ਦੀ ਟੁਨਕਾਰ ਤੋਂ ਮੋਹਰਾਂ ਜਾਪਣਗੀਆਂ। ਰਾਤ ਆਰਾਮ ਕੀਤਾ, ਸਵੇਰ ਹੁੰਦਿਆਂ ਹੀ ਥੈਲੀਆਂ ਲੈ ਕੇ ਘੋੜਿਆਂ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਵੱਲ ਚੱਲ ਪਏ।

ਪਹਿਰਾਵੇ ਤੋਂ ਉਹ ਕਿਸੇ ਪਿੰਡ ਦੇ ਵੱਡੇ ਚੌਧਰੀ ਜਾਪਦੇ ਸਨ। ਦੁਪਹਿਰ ਵੇਲੇ ਮੁਗਲ ਫੌਜ ਦਾ ਆਰਾਮ ਦਾ ਵੇਲਾ ਸੀ। ਉਹ ਘੋੜਿਆਂ ਸਮੇਤ ਪ੍ਰਕਰਮਾ ਵਿਚ ਪਹੁੰਚ ਗਏ। ਪਹਿਰੇਦਾਰਾਂ ਸਮਝਿਆ ਕਿ ਇਹ ਕੋਈ ਚੌਧਰੀ ਹਨ ਜੋ ਮਾਮਲਾ ਤਾਰਨ ਆਏ ਹੋਣਗੇ। ਬਿਨਾਂ ਕਿਸੇ ਰੁਕਾਵਟ ਦੇ ਘੋੜਿਆਂ ਨੂੰ ਲਾਚੀਬੇਰ ਨਾਲ ਬੰਨ੍ਹਿਆ। ਹੱਥ ਵਿਚ ਕਿਰਪਾਨਾਂ ਤੇ ਮੋਢੇ ਤੇ ਥੈਲੀਆਂ ਲੈ ਕੇ ਹਰਿਮੰਦਰ ਸਾਹਿਬ ਵੱਲ ਵਧ ਪਏ।

ਮੱਸਾ ਰੰਗੜ ਪਲੰਗ ਤੇ ਬੈਠਾ ਹੁੱਕਾ ਪੀ ਰਿਹਾ ਸੀ। ਵੇਸ਼ਵਾ ਦਾ ਨਾਚ ਹੋ ਰਿਹਾ ਸੀ। ਸ਼ਰਾਬ ਦਾ ਦੌਰ ਚੱਲ ਰਿਹਾ ਸੀ। ਹਕੂਮਤ ਨੂੰ ਖੁਸ਼ ਕਰਨ ਲਈ ਇਹ ਉਸ ਦਾ ਨਿੱਤ ਦਾ ਹੀ ਕੰਮ ਸੀ। ਦੋਵੇਂ ਸਿੰਘ ਕਚੀਚੀ ਵੱਟ ਮੱਸਾ ਰੰਗੜ ਨੂੰ ਜਾ ਮਿ। ਭਾਈ ਸੁੱਖਾ ਸਿੰਘ ਨੇ ਕਿਹਾ ਕਿ ਬੜੇ ਚਿਰ ਦਾ ਹਿਸਾਬ ਬਕਾਇਆ ਸੀ, ਚੁਕਾਉਣ ਆਏ ਹਾਂ। ਸਿੰਘ ਨੇ ਥੈਲੀਆਂ ਪਲੰਗ ਹੇਠ ਵਗਾਹ ਮਾਰੀਆਂ। ਮੰਸਾ ਰੰਗੜ ਨੇ ਜਦ ਹੀ ਥੈਲੀਆਂ ਚੁੱਕਣ ਲਈ ਸਿਰ ਝੁਕਾਇਆ ਤਾਂ ਮਹਿਤਾਬ ਸਿੰਘ ਨੇ ਬੜੀ ਫੁਰਤੀ ਨਾਲ ਕਿਰਪਾਨ ਕੱਢ ਕੇ ਮੱਸਾ ਰੰਗੜ ਦਾ ਸਿਰ ਵੱਢ ਲਿਆ। ਜੁੜੀ ਭੀੜ ਵਿਚ ਘਬਰਾਹਟ ਫੈਲ ਗਈ, ਕਿਸੇ ਨੂੰ ਸਮਝ ਆਉਣ ਤੋਂ ਪਹਿਲਾਂ ਹੀ ਸਿਰ ਨੂੰ ਸੰਭਾਲ ਕੇ ਦੋਹਾਂ ਨੇ ਲਾਚੀ ਬੇਰ ਨਾਲ ਬੱਧੇ ਘੋੜਿਆਂ ਕੋਲ ਆ ਕੇ ਸਿਰ ਨੂੰ ਨੇਜ਼ੇ ਤੇ ਟੰਗ ਲਿਆ। ਬਿਜਲੀ ਵਾਂਗ ਘੋੜੇ ਦੁੜਾ ਕੇ ਪ੍ਰਕਰਮਾ ਤੋਂ ਬਾਹਰ ਆ ਗਏ। ਉਹਨਾਂ ਨੇ ਮੱਸਾ ਰੰਗੜ ਦੇ ਪਾਪਾਂ ਦਾ ਮਹਿਲ ਢਾਹ ਦਿੱਤਾ ਸੀ।



ਬੀਕਾਨੇਰ ਪਹੁੰਚ ਕੇ ਸਜੇ ਦੀਵਾਨ ਵਿਚ ਸੰਗਤਾਂ ਦੀ ਹਾਜ਼ਰੀ ਵਿਚ ਮੱਸਾ ਰੰਗੜ ਦਾ ਸਿਰ ਜਥੇਦਾਰ ਨੂੰ ਭੇਂਟ ਕੀਤਾ। ਸੰਗਤਾਂ ਨੇ ਜੈਕਾਰੇ ਬੋਲ ਕੇ ਜੋਸ਼ ਦਾ ਇਜਹਾਰ ਕੀਤਾ। ਮੁਗਲ ਸਰਕਾਰ ਲਈ ਇਹ ਬੜੀ ਸ਼ਰਮ ਦੀ ਗੱਲ ਸੀ। ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਦਰਸਾ ਦਿੱਤਾ ਕਿ ਗੁਰ ਅਸਥਾਨ ਸਿੱਖਾਂ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰੇ ਹਨ। ਉਹ ਮਰ ਕੇ ਵੀ ਜਿਉਂਦੇ ਹਨ, ਜਿਹੜੇ ਧਰਮ ਲਈ ਮਰ ਮਿਟਦੇ ਹਨ। ਗੁਰੂ ਦੇ ਰਾਹ 'ਤੇ ਚਲਦਿਆਂ ਸੀਸ ਵਾਰ ਕੇ ਜਿਊਣ ਮਰਨ ਸਫਲ ਕਰ ਲੈਂਦੇ ਹਨ।

### ਦੋਵੇਂ ਸੂਰਬੀਰਾਂ ਦਾ ਸੰਖੇਪ ਜੀਵਨ

### ਭਾਈ ਸੁੱਖਾ ਸਿੰਘ

ਭਾਈ ਸੁੱਖਾ ਸਿੰਘ ਦਾ ਜਨਮ ਇਕ ਤਰਖਾਣ ਪਰਿਵਾਰ ਵਿਚ ਪਿਤਾ ਲੱਧਾ ਅਤੇ ਬੀਬੀ ਹਰੋ ਦੇ ਘਰ ਪਿੰਡ ਮਾੜੀ ਕੰਬੋਕੀ ਵਿਖੇ ਹੋਇਆ। ਬਚਪਨ ਤੋਂ ਹੀ ਉਹ ਸਿੱਖੀ ਸੁਭਾਅ ਦੇ ਸਨ ਤੇ ਅੰਮ੍ਰਿਤ ਛਕ ਕੇ ਸਿੰਘ ਸੱਜ ਗਏ ਸਨ। ਸੰਗਤਾਂ ਦੀ ਸੇਵਾ ਖੁਸ਼ੀ ਖੁਸ਼ੀ ਕਰਦੇ ਸਨ। ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਵੀ ਅੱਗੇ ਹੋ ਕੇ ਕਰਦੇ ਸਨ। ਸੇਵਾ ਵਾਸਤੇ ਹਮੇਸ਼ਾ ਤਿਆਰ ਬਰ ਤਿਆਰ ਰਹਿੰਦੇ ਸਨ। ਕਦੇ ਵੀ ਥੱਕਦੇ ਨਹੀਂ ਸਨ। ਸਿੱਖਾਂ ਦੀ ਮਦਦ ਕਰਨ ਦੇ ਸ਼ੱਕ ਵਿਚ ਹਾਕਮਾਂ ਨੇ ਉਹਨਾਂ ਨੂੰ ਗ੍ਰਿਫਤਾਰ ਕਰਨਾ ਚਾਹਿਆ। ਜਦ ਪਿੰਡ ਪਹੁੰਚੇ ਤਾਂ ਉਹ ਮਿਲੇ ਨਹੀਂ ਤਾਂ ਬਚ ਗਏ। ਪਰ ਪਰਿਵਾਰ ਵਾਲੇ ਬਹੁਤ ਡਰ ਗਏ ਕਿ ਇਸ ਦੀ ਸਿੱਖੀ ਪਰਿਵਾਰ ਲਈ ਹਮੇਸ਼ਾ ਖਤਰਾ ਹੈ। ਪਰਿਵਾਰ ਨੇ ਭਾਈ ਸਾਹਿਬ ਦੇ ਸ਼ਤਿਆਂ ਦੇ ਕੇਸ ਕਤਲ ਕਰ ਦਿੱਤੇ। ਭਾਈ ਸਾਹਿਬ ਨੇ ਗੁੱਸੇ ਵਿਚ ਆ ਕੇ ਖੂਹ ਵਿਚ ਛਾਲ ਮਾਰ ਦਿੱਤੀ। ਪਾਣੀ ਘੱਟ ਹੋਣ ਕਰਕੇ ਬਚਾਅ ਹੋ ਗਿਆ। ਇਕ ਸਿੰਘ ਨੇ ਵੰਗਾਰਿਆ ਕਿ ਜੇ ਮਰਨਾ ਹੀ ਹੈ ਤਾਂ ਕਿਸੇ ਦੁਸ਼ਮਣ ਦੇ ਸਿਰ ਚੜ੍ਹ ਕੇ ਮਰ।

ਇਸ ਵੰਗਾਰ ਦਾ ਭਾਈ ਸਾਹਿਬ ਦੇ ਦਿਲ 'ਤੇ ਡੂੰਘਾ ਅਸਰ ਹੋਇਆ। ਕੁਝ ਦਿਨਾਂ ਬਾਅਦ ਸਰਦਾਰ ਸ਼ਾਮ ਸਿੰਘ ਦੇ ਜਥੇ ਨਾਲ ਜਾ ਰਲੇ, ਦੁਬਾਰਾ ਅੰਮ੍ਰਿਤ ਛੱਕ ਕੇ ਫਿਰ ਸਿੰਘ ਸੱਜ ਗਏ। ਉਹਨਾਂ ਦੀ ਸ਼ਸ਼ਤਰ ਚਲਾਉਣ ਵਿਚ ਬੜੀ ਮੁਹਾਰਤ ਸੀ। ਪੱਕੇ ਨਿਸ਼ਾਨਚੀ ਸਨ, ਦ੍ਰਿੜ੍ਹ ਅਤੇ ਬਹਾਦਰ ਸਨ।

ਸੰਨ 1739 ਵਿਚ ਨਾਦਰਸ਼ਾਹ ਦਿੱਲੀ ਲੁੱਟ ਕੇ ਪਰਤ ਰਿਹਾ ਸੀ ਤਾਂ ਸਿੰਘਾਂ ਨੇ ਉਸਦੀ ਫੌਜ ਨੂੰ ਹੀ ਲੁੱਟ ਲਿਆ। ਇਸ 'ਤੇ ਲਾਹੌਰ ਦੇ ਸੂਬੇਦਾਰ ਜਕਰੀਆ ਖਾਨ ਨੇ ਸਿੱਖਾਂ 'ਤੇ ਬੜੀ ਸਖਤੀ ਵਧਾ ਦਿੱਤੀ। ਕੋਈ ਵੀ ਸਿੰਘ ਸਰੋਵਰ ਵਿਚ ਇਸ਼ਨਾਨ ਨਹੀਂ ਕਰ ਸਕਦਾ ਸੀ। ਹਰਿਮੰਦਰ ਸਾਹਿਬ ਤੇ ਹਕੂਮਤ ਦਾ ਕਬਜ਼ਾ ਹੋ ਗਿਆ। ਭਾਈ ਸੁੱਖਾ ਸਿੰਘ ਤੇ ਭਾਈ ਮਨੀ ਸਿੰਘ ਜੀ ਦਾ ਭਤੀਜਾ ਥਰਾਜ਼ ਸਿੰਘ ਜਥਾ ਲੈ ਕੇ ਜਥੇ ਦੇ ਸਿੰਘਾਂ ਨੂੰ ਦਰਵਾਜ਼ੇ ਅੱਗੇ ਪਹਿਰੇ ਲਈ ਛੱਡ ਕੇ ਆਪ ਇਸ਼ਨਾਨ ਕਰਕੇ ਫਿਰ ਜਥੇ ਨਾਲ ਆਣ ਰਲੇ। ਕਾਜ਼ੀ ਅਤੇ ਉਸਦੇ ਪੁੱਤਰ ਨੇ ਪਿੱਛਾ ਕੀਤਾ ਜੋ ਸਿੰਘਾਂ ਹੱਥੋਂ ਮਾਰੇ ਗਏ।

1746 ਦੇ ਛੋਟੇ ਘੱਲੂਘਾਰੇ ਵੇਲੇ ਭਾਈ ਸੁੱਖਾ ਸਿੰਘ ਕਾਹਨੂੰਵਾਨ ਦੇ ਛੰਬ ਵਿਚ ਤਾਇਨਾਤ ਸੀ। ਇਕ ਦਿਨ ਭਾਈ ਸੁੱਖਾ ਸਿੰਘ ਨੂੰ ਸੁੱਝੀ ਕੀ ਦੀਵਾਨ ਲਖਪਤ ਰਾਏ 'ਤੇ ਹਮਲਾ ਕੀਤਾ ਜਾਵੇ। ਸਿੰਘਾਂ ਨੇ ਲਖਪਤ ਰਾਏ ਦੀ ਫੌਜ 'ਤੇ ਹੱਲਾ ਬੋਲ ਦਿੱਤਾ। ਭਾਈ ਸੁੱਖਾ ਸਿੰਘ ਨੇ ਲਖਪਤ ਰਾਏ 'ਤੇ ਹਮਲਾ ਕਰਨਾ ਚਾਹਿਆ, ਪਰ ਉਸ ਤੱਕ ਪਹੁੰਚ ਨਾ ਸਕਿਆ। ਇਸ ਖੂਨੀ ਲੜਾਈ ਵਿਚ ਮੁਗਲਾਂ ਦੇ ਨਾਮੀ ਜਰਨੈਲ ਮਾਰੇ ਗਏ। ਭਾਈ ਸੁੱਖਾ ਸਿੰਘ ਦੀ ਲੱਤ ਟੁੱਟ ਗਈ। ਘੱਲੂਘਾਰੇ ਖਤਮ ਹੋਣ ਤੇ ਜਥਾ ਜੈਤੋ ਪਹੁੰਚ ਕੇ ਲੱਤ ਬਣਵਾਈ।

ਅਹਿਮਦ ਸ਼ਾਹ ਅਬਦਾਲੀ 1747 ਈ: ਵਿਚ ਕੁਝ ਫੌਜ ਲਾਹੌਰ ਛੱਡ ਗਿਆ। ਫੌਜ ਦੀ ਭਾਈ ਸੁੱਖਾ ਸਿੰਘ ਦੇ ਜਥੇ ਨਾਲ ਝੜੱਪ ਹੋ ਗਈ। ਭਾਈ ਸੁੱਖਾ ਸਿੰਘ ਕੱਲੇ-ਕੱਲੇ ਦੀ ਲੜਾਈ ਵਿਚ ਮੈਦਾਨ ਵਿਚ ਨਿੱਤਰਿਆ। ਪਠਾਣ ਨਾਲ ਹੋਈ ਝੜੱਪ ਵਿਚ ਪਠਾਨ ਨੂੰ ਮਾਰ ਮੁਕਾਇਆ। ਸਿੰਘਾਂ ਨੇ ਉਸਨੂੰ ਸ਼ਾਮ ਸਿੰਘ ਦਾ ਘੋੜਾ ਤੋਹਫੇ ਵਿਚ ਭੇਂਟ ਕੀਤਾ।

1752 ਵਿਚ ਅਹਿਮਦਸ਼ਾਹ ਅਬਦਾਲੀ ਦੀ ਫੌਜੀ ਟੁਕੜੀ ਨਾਲ ਜੂਝਦਿਆਂ ਭਾਈ ਸੁੱਖਾ ਸਿੰਘ ਚੜ੍ਹਾਈ ਕਰ ਗਿਆ। ਮੱਸਾ ਰੰਗੜ ਦਾ ਸਿਰ ਵੱਢ ਕੇ ਲਿਆਵੁਣ ਨੇ ਉਸਨੂੰ ਅਮਰ ਕਰ ਦਿੱਤਾ। ਉਹਨਾਂ ਦੀ ਯਾਦ ਵਿਚ ਮਾੜੀ ਕੰਬੋਕੀ ਵਿਖੇ ਤਿੰਨ ਗੁਰਦੁਆਰੇ ਸਥਾਪਤ ਹੋਏ।

### ਭਾਈ ਮਹਿਤਾਬ ਸਿੰਘ

ਭਾਈ ਮਹਿਤਾਬ ਸਿੰਘ ਅੰਮ੍ਰਿਤਸਰ ਤੋਂ 5 ਮੀਲ ਦੂਰ ਪਿੰਡ ਮੀਰਾਂਕੋਟ ਦੇ ਵਸਨੀਕ ਸਨ। ਉਹ ਬੜੇ ਬਹਾਦਰ ਤੇ ਦ੍ਰਿੜ੍ਹ ਇਰਾਦੇ ਵਾਲੇ ਸਨ। ਨਾਦਰ ਸ਼ਾਹ ਦੇ ਹੁਕਮਾਂ ਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਜਦੋਂ ਸਿੱਖਾਂ ਨੂੰ ਖਤਮ ਕਰਨ ਦੇ ਖ਼ੂਨੀ ਇਰਾਦੇ ਨਾਲ ਸਿੱਖਾਂ 'ਤੇ ਜ਼ੁਲਮ ਢਾਹੇ ਤਾਂ ਸਿੰਘ ਜੰਗਲਾਂ-ਬੇਲਿਆਂ, ਪਹਾੜਾਂ ਅਤੇ ਰੇਗਿਸਤਾਨਾਂ ਵਿਚ ਵੱਸਣ ਲੱਗੇ। ਭਾਈ ਮਹਿਤਾਬ ਸਿੰਘ ਬੀਕਾਨੇਰ ਦੇ ਰੇਗਿਸਤਾਨ ਵਿਚ ਚਲੇ ਗਏ। ਜਦੋਂ ਉਹਨਾਂ ਮੱਸਾ ਰੰਗੜ ਵੱਲੋਂ ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਖਬਰ ਸੁਣੀ ਤਾਂ ਪਿੰਡ ਮਾੜੀ ਕੰਬੋਕੀ ਦੇ ਭਾਈ ਸੁੱਖਾ ਸਿੰਘ ਨਾਲ ਮੱਸਾ ਰੰਗੜ ਦਾ ਸਿਰ 11 ਅਗਸਤ 1740 ਨੂੰ ਲਾਇਆ। ਜਿਸ ਨੇ ਦੋਹਾਂ ਸੂਰਬੀਰਾਂ ਨੂੰ ਅਮਰ ਕਰ ਦਿੱਤਾ। ਮੱਸਾ ਰੰਗੜ ਦੇ ਖਤਮ ਹੋਣ ਦੀ ਖਬਰ ਸੁਣ ਕੇ ਜਕਰੀਆ ਖਾਂ ਤੈਸ਼ ਵਿਚ ਆ ਗਿਆ। ਉਸਨੇ ਸਾਰੇ ਚੌਧਰੀਆਂ ਜਿਵੇਂ ਛੀਨੇ ਦਾ ਕਰਮਾ, ਤਲਵੰਡੀ ਦਾ ਰਾਮਾ ਰੰਧਾਵਾ, ਨੌਸ਼ਿਹਰੇ ਢਾਚੇ ਦਾ ਸਾਹਿਬ ਰਾਏ, ਜੰਡਿਆਲੇ ਦਾ ਹਰਿਭਗਤ, ਨਿਰੰਜਣੀਆਂ ਆਦਿ ਨੂੰ ਸਿੰਘਾਂ ਦੇ ਗ੍ਰਿਫਤਾਰ ਕਰਨ ਦੇ ਹੁਕਮ ਸੁਣਾਏ। ਹਰਿਭਗਤ ਨਿਰੰਜਣੀਆ ਨੇ ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦੇ ਨਾਂ ਦੱਸ ਦਿੱਤੇ। ਨੂਰਦੀਨ ਦਾ ਪੁੱਤਰ ਰਾਏ ਸਿੰਘ ਪਿੰਡ ਵਿਚ ਸੀ, ਜਿਸਨੂੰ ਪੰਚ ਨੱਥੇ ਖਹਿਰੇ ਕੋਲ ਨਿਗਰਾਨੀ ਹੇਠ ਰੱਖਿਆ ਸੀ। ਨੱਥਾ ਸਿੰਘ ਕੁਝ ਸਾਥੀਆਂ ਨਾਲ ਘਰ ਦੇ ਪਿਛਲੇ ਰਸਤੇ ਤੋਂ ਲੜਕੇ ਨੂੰ ਲੈ ਕੇ ਪਿੰਡੋਂ ਨਿਕਲ ਗਿਆ। ਫੌਜਦਾਰ ਨੂਰਦੀਨ ਨੇ ਦੂਰ ਜਾ ਕੇ ਉਹਨਾਂ ਨੂੰ ਘੇਰ ਲਿਆ। ਨੱਥਾ ਅਤੇ ਉਸਦੇ ਸਾਥੀ ਮੁਕਾਬਲੇ ਵਿਚ ਮਾਰੇ ਗਏ। ਲੜਕੇ ਨੂੰ ਬੁਰੀ ਤਰ੍ਹਾਂ ਜ਼ਖਮੀ ਹੋਏ ਨੂੰ ਮਾਰਿਆ ਸਮਝ ਕੇ ਛੱਡ ਗਏ। ਬੱਚਾ ਇਕ ਇਸਤਰੀ ਦੇ ਨਜ਼ਰੀਂ ਪਿਆ ਜਿਸ ਨੇ ਉਸਦੀ ਸੰਭਾਲ ਕਰਕੇ ਬਚਾਅ ਲਿਆ। ਭਾਈ ਮਹਿਤਾਬ ਸਿੰਘ ਜਦੋਂ ਬੀਕਾਨੇਰ ਤੋਂ ਆਪਣੇ ਪਰਿਵਾਰ ਨੂੰ ਮਿਲਣ ਆਏ ਤਾਂ ਹਰਿਭਗਤ ਨਿਰੰਜਣੀਏ ਨੇ ਉਹਨਾਂ ਨੂੰ ਗ੍ਰਿਫਤਾਰ ਕਰਵਾ ਕੇ ਲਾਹੌਰ ਭੇਜ ਦਿੱਤਾ। ਮੁਗਲਾਂ ਨੇ ਆਪਣੀ ਨੀਚ ਆਦਤ ਨਾਲ ਇਸਲਾਮ ਕਬੂਲ ਕਰਨ ਲਈ ਕਿਹਾ। ਪਰ ਭਾਈ ਸਾਹਿਬ ਨੇ ਮੌਤ ਕਬੂਲ ਕੀਤੀ। ਭਾਈ ਤਾਰੂ ਸਿੰਘ ਜੀ ਦੇ ਸਾਹਮਣੇ ਭਾਈ ਮਹਿਤਾਬ ਸਿੰਘ ਜੀ ਜੂਨ 1745 ਵਿਚ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤੇ ਗਏ।

# 'ਫ਼ਰੀਦ ਜੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪੱਥ-ਪ੍ਰਦਰਸ਼ਕ'

ਫ਼ਰੀਦ ਜੀ ਨੇ ਪੱਟੀ ਖੋਲ੍ਹੀ, ਅੱਖ 'ਤੇ ਜ਼ਖਮ ਨਹੀਂ ਸੀ। ਅੱਖ ਪਹਿਲਾਂ ਦੀ ਤਰ੍ਹਾਂ ਸਾਫ ਸੀ ਜਿਵੇਂ ਪਹਿਲਾਂ ਹੁੰਦੀ ਸੀ। ਗੁਰੂ ਜੀ ਨੇ ਕਿਹਾ, "ਤੇਰੀ ਸੇਵਾ ਪਰਵਾਨ ਹੋਈ ਤੇ ਤਪੱਸਿਆ ਵੀ ਪੂਰਨ ਹੋਈ। ਹੰਕਾਰ ਨਹੀਂ ਕਰਨਾ, ਨਿਮਰਤਾ ਅਪਣਾਉਣਾ ਤੇ ਖ਼ੁਦਾ ਨੂੰ ਹਮੇਸ਼ਾ ਯਾਦ ਰੱਖਣਾ। ਰਿਧੀਆਂ-ਸਿਧੀਆਂ ਸਦਾ ਆਪ ਦੇ ਅੰਗ-ਸੰਗ ਰਹਿਣਗੀਆਂ। ਆਪਣੇ ਘਰ ਜਾ ਕੇ ਖ਼ੁਦਾ ਦੀ ਮਹਿਮਾ ਗਾਓ।"

ਇਸ ਤਰ੍ਹਾਂ ਹਜ਼ਰਤ ਚਿਸ਼ਤੀ ਸਾਹਿਬ ਪ੍ਰਸੰਨ ਚਿੱਤ, ਫ਼ਰੀਦ ਜੀ ਨੂੰ ਵਰ ਦਿੰਦੇ ਹੋਏ ਤੇ ਫ਼ਰੀਦ ਜੀ ਨੇ ਆਪਣੇ ਗੁਰੂ ਜੀ ਦੇ ਚਰਨ ਪਕੜ ਲਏ ਤੇ ਗੁਰੂ ਜੀ ਦੀ ਮਹਿਮਾ ਸੁਣ ਕੇ ਨਿਹਾਲ ਹੋ ਗਏ।

ਇਸ ਉਪਰੰਤ ਫ਼ਰੀਦ ਜੀ ਪਾਕਪਟਨ ਆਪਣੇ ਘਰ ਪਰਤ ਆਏ ਤੇ ਇਸਲਾਮ ਧਰਮ ਦਾ ਪ੍ਰਚਾਰ ਕਰਨ ਲੱਗ ਪਏ। ਨੇਕੀ, ਸੱਚ ਤੇ ਪ੍ਰਾਰਥਨਾ ਦਾ ਪ੍ਰਕਾਸ਼ ਚਾਰ-ਚੁਫੇਰੇ ਫੈਲ ਗਿਆ ਤੇ ਉਨ੍ਹਾਂ ਦੀ ਗੱਦੀ ਦਾ ਜਸ ਦੂਰ-ਦੂਰ ਤੱਕ ਫੈਲਣ ਲੱਗ ਪਿਆ। ਸ਼ੇਖ ਫ਼ਰੀਦ ਜੀ ਨੇ ਪਾਕਪਟਨ ਨੂੰ ਸੂਫ਼ੀ ਮੱਤ ਦੇ ਵਿਚਾਰਾਂ ਦਾ ਇਕ ਮਹਾਨ ਤੀਰਥ ਸਥਾਨ ਬਣਾ ਦਿੱਤਾ। ਭਾਰਤ, ਮਿਡਲ ਈਸਟ ਤੇ ਸੰਸਾਰ ਦੇ ਕੋਨੇ-ਕੋਨੇ ਤੋਂ ਅੱਜ ਵੀ ਲੋਕ ਇਸ ਮੱਤ ਦੀ ਸਿੱਖਿਆ ਲੈਣ ਲਈ ਪਾਕਪਟਨ ਵਿਖੇ ਜਾਂਦੇ ਹਨ। ਇੱਥੋਂ ਦੇ ਰਹਿਬਰ, ਹਮੇਸ਼ਾ ਆਪਣੇ ਸੂਫ਼ੀ ਮੱਤ ਦੀ ਸਿੱਖਿਆ ਪੰਜਾਬੀ ਭਾਸ਼ਾ 'ਚ ਦਿੰਦੇ ਹਨ ਜਿਹੜੀ ਕਿ ਪੰਜਾਬ ਦੇ ਆਮ ਜਨਜੀਵਨ ਦੀ ਬੋਲੀ ਹੈ, ਭਾਵੇਂ ਕਿ ਇੱਥੇ ਦੂਸਰੇ ਦੇਸ਼ਾਂ ਤੋਂ ਆਉਣ ਵਾਲੇ ਲੋਕ ਅਰਬੀ ਤੇ ਫਾਰਸੀ ਭਾਸ਼ਾ ਦੇ ਗਿਆਤਾ ਵੀ ਕਿਉਂ ਨਾ ਹੋਣ। ਸੂਫ਼ੀ ਮੱਤ ਦੀਆਂ ਸਾਰੀਆਂ ਸਿੱਖਿਆਵਾਂ ਤੇ ਸ਼ਲੋਕ ਪੰਜਾਬੀ ਭਾਸ਼ਾ 'ਚ ਹੀ, ਫਾਰਸੀ ਲਿੱਪੀ 'ਚ ਲਿਖੇ ਹੁੰਦੇ ਹਨ। ਉਥੇ ਪੈਸੇ ਦੇ ਰੂਪ 'ਚ ਦਾਨ ਨਹੀਂ ਲਿਆ ਜਾਂਦਾ ਸਗੋਂ ਇਹ ਦਾਨ ਰਾਸ਼ਨ-ਪਾਣੀ ਦੇ ਰੂਪ 'ਚ ਹੀ ਲਿਆ ਜਾਂਦਾ ਹੈ। ਇਸ ਰਾਸ਼ਨ-ਪਾਣੀ ਨਾਲ ਲੰਗਰ ਤਿਆਰ ਕਰਕੇ ਆਈਆਂ-ਗਈਆਂ ਸੰਗਤਾਂ ਨੂੰ ਖੁਆਇਆ ਜਾਂਦਾ ਹੈ।

ਬਾਬਾ ਫ਼ਰੀਦ ਜੀ ਫਿਰ ਦਿੱਲੀ ਗਏ ਤੇ ਉਹਨਾਂ ਦਾ ਬਹੁਤ ਸਵਾਗਤ ਕੀਤਾ ਗਿਆ। ਬਾਦਸ਼ਾਹ ਨਾਸੀਰ-ਉੱਲ-ਦੀਨ ਬਲਬਨ ਨੇ ਬਾਬਾ ਫ਼ਰੀਦ ਜੀ ਦੀ ਆਪਣੇ ਪਰਿਵਾਰ ਨਾਲ ਜਾਣ-ਪਛਾਣ ਕਰਵਾਈ। ਬਾਬਾ ਫ਼ਰੀਦ ਜੀ ਦੀ, ਬਲਬਨ ਬਾਦਸ਼ਾਹ ਦੀ ਪੁੱਤਰੀ ਹਜ਼ਾਬਾਰਾ ਤੇ ਨਜ਼ਰ ਪਈ ਤਾਂ ਉਹਨਾਂ ਨੇ ਬਾਦਸ਼ਾਹ ਤੋਂ ਆਪਣੇ ਲਈ, ਉਨ੍ਹਾਂ ਦੀ ਲੜਕੀ ਦਾ ਰਿਸ਼ਤਾ ਮੰਗ ਲਿਆ। ਬਾਦਸ਼ਾਹ ਨੇ ਆਪਣੀ ਲੜਕੀ ਦੀ ਸ਼ਾਦੀ, ਬਾਬਾ ਫ਼ਰੀਦ ਜੀ ਨਾਲ ਕਰ ਦਿੱਤੀ। ਬਾਬਾ ਫ਼ਰੀਦ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਉਹ ਤੋਹਫਿਆਂ ਦੇ ਰੂਪ 'ਚ ਕੋਈ ਵੀ ਹੀਰੇ ਜਵਾਹਰਾਤ ਨਹੀਂ ਲੈਣਗੇ ਤੇ ਬਾਦਸ਼ਾਹ ਨੇ ਜੋ ਹੀਰੇ ਜਵਾਹਰਾਤ ਬਾਬਾ ਫ਼ਰੀਦ ਜੀ ਨੂੰ ਦਿੱਤੇ, ਉਹ ਸਾਰੇ ਉਹਨਾਂ ਨੇ ਗਰੀਬ ਲੋਕਾਂ ਤੇ ਫਕੀਰਾਂ 'ਚ ਵੰਡ ਦਿੱਤੇ।

ਇਕ ਵਾਰ ਸੱਤ ਸੌ ਦੇ ਕਰੀਬ ਪਵਿੱਤਰ ਧਾਰਮਿਕ ਸ਼ਖ਼ਸੀਅਤਾਂ ਇਕੱਠੀਆਂ ਬੈਠੀਆਂ ਸਨ ਤੇ ਇਕ ਪੜਚੋਲੀਏ ਨੇ ਬਾਬਾ ਫ਼ਰੀਦ ਜੀ ਨੂੰ ਚਾਰ ਪ੍ਰਸ਼ਨ ਕੀਤੇ ਤੇ ਉਨ੍ਹਾਂ ਦਾ ਉੱਤਰ ਵੀ ਮੰਗਿਆ। ਬਾਬਾ ਫ਼ਰੀਦ ਜੀ ਨੇ ਪ੍ਰਸ਼ਨਾਂ ਦਾ ਉੱਤਰ ਵਾਰੀ-ਵਾਰੀ ਕਰਕੇ ਇੰਝ ਦਿੱਤਾ :-

ਪ੍ਰਸ਼ਨ : ਮਨੁੱਖ ਦੀ ਸਿਆਣਪਤ ਕਿਸ ਗੱਲ 'ਚ ਹੈ?
ਉਤਰ : ਮਨੁੱਖ ਪਾਪਾਂ ਤੇ ਗੁਨਾਹਾਂ ਤੋਂ ਦੂਰ ਰਹੇ।
ਪ੍ਰਸ਼ਨ : ਸਭ ਤੋਂ ਲਿਆਕਤਵਾਨ ਕੌਣ ਹੁੰਦਾ ਹੈ?
ਉਤਰ: ਜਿਹੜਾ ਆਦਮੀ ਹਰ ਚੰਗਿਆਈ ਨੂੰ ਨਕਾਰਦਾ ਨਹੀਂ ਹੈ।
ਪ੍ਰਸ਼ਨ : ਸਭ ਤੋਂ ਵੱਧ ਸੁਤੰਤਰ ਵਿਅਕਤੀ ਕਿਹੜਾ ਹੁੰਦਾ ਹੈ?
ਉਤਰ : ਜਿਹੜਾ ਮਨੁੱਖ ਆਪਣੇ ਕੰਮ 'ਚ ਨਿਪੁੰਨ ਹੋਵੇ।
ਪ੍ਰਸ਼ਨ : ਸਭ ਤੋਂ ਵੱਧ ਜਰੂਰਤਮੰਦ ਕੌਣ ਹੁੰਦਾ ਹੈ?
ਉਤਰ : ਜਿਹੜਾ ਵਿਅਕਤੀ ਆਪਣੇ ਕੰਮ 'ਚ ਨਿਪੁੰਨ ਨਹੀਂ ਹੁੰਦਾ।

ਬਾਬਾ ਫ਼ਰੀਦ ਜੀ ਦੇ ਇਕ ਪੈਰੋਕਾਰ ਨੇ ਇਕ ਵਾਰ ਪੁੱਛਿਆ ਬਾਬਾ ਜੀ ਕੀ ਗਾਉਣਾ ਤੇ ਸੰਗੀਤ ਵਜਾਉਣਾ ਕਾਨੂੰਨੀ ਤੌਰ ਤੇ ਠੀਕ ਹੈ? ਬਾਬਾ ਫ਼ਰੀਦ ਜੀ ਨੇ ਉੱਤਰ ਦਿੱਤਾ ਕਿ ਇਸਲਾਮ ਧਰਮ ਦੇ ਮੁਤਾਬਕ ਇਹ ਯਕੀਨਨ ਗੈਰ ਕਾਨੂੰਨੀ ਹੈ ਪਰ ਇਸ ਦੀ ਉਚਿੱਤਤਾ ਅਜੇ ਇਕ ਬਹਿਸ ਦਾ ਵਿਸ਼ਾ ਹੈ। ਨਿਜ਼ਾਮ-ਉੱਲ-ਦਾਉਲੀਆ ਨੇ ਆਪਣੇ ਇਕ ਪੈਰੋਕਾਰ ਜਿਸ ਦਾ ਨਾਮ ਨਸੀਰ-ਉੱਲ-ਦੀਨ ਸੀ ਨੂੰ ਕਿਹਾ ਕਿ ਜਦ ਉਹ ਇਕ ਦਿਨ ਬਾਬਾ ਫ਼ਰੀਦ ਜੀ ਨੂੰ ਮਿਲਣ ਲਈ ਗਏ ਤਾਂ ਉਹ ਆਪਣੇ ਦਰਵਾਜੇ 'ਚ ਖੜ੍ਹੇ ਇਹ ਨਿਮਨ ਲਿਖਤ ਸ਼ਲੋਕ ਗਾ ਕੇ ਨੱਚ ਵੀ ਰਹੇ ਸਨ :

ਫ਼ਰੀਦਾ ਤਨ ਤਪੇ ਤਨੂੰਰ ਜਿਉ, ਬਾਲਣ ਹੱਡ ਬਲੰਨ ॥
ਪੈਰੀ ਥੱਕਾ ਸਿਰ ਜੁਲਾ, ਜੇਮੂੰ ਪਿਰੀ ਮਲੰਨ ॥

ਭਾਵ ਮੇਰਾ ਸਰੀਰ ਪਰਮਾਤਮਾ ਨੂੰ ਪਾਉਣ ਲਈ ਇਕ ਤੰਦੂਰ ਦੀ ਤਰ੍ਹਾਂ ਤਪ ਰਿਹਾ ਹੈ ਤੇ ਮੈਂ ਉਸ ਤੰਦੂਰ 'ਚ ਆਪਣੇ ਸਰੀਰ ਦੇ ਹੱਡਾਂ ਦਾ ਬਾਲਣ ਬਾਲ ਰਿਹਾ ਹਾਂ। ਜੇਕਰ ਉਹ ਪ੍ਰਮਾਤਮਾ ਮੈਨੂੰ ਇਸ ਤਰ੍ਹਾਂ ਕਰਨ ਨਾਲ ਨਹੀਂ ਮਿਲੇਗਾ ਤਾਂ ਉਸ ਦੇ ਦਰ 'ਤੇ ਪਹੁੰਚਣ ਲਈ, ਪੈਰਾਂ ਨਾਲ ਚੱਲਦਾ ਥੱਕ ਜਾਵਾਂ ਤਾਂ ਮੈਂ ਸਿਰ ਭਰਨੇ ਹੋ ਕੇ ਚੱਲਣ ਲਈ ਤਿਆਰ ਹਾਂ। ਮੈਨੂੰ ਪ੍ਰਮਾਤਮਾ ਨੂੰ ਪਾਉਣ ਲਈ ਹਰ ਵਿਧੀ ਮਨਜ਼ੂਰ ਹੈ।

ਬਾਬਾ ਫ਼ਰੀਦ ਜੀ ਨੇ ਮੋਹਕਲਪੁਰ ਸ਼ਹਿਰ ਦੀ ਯਾਤਰਾ ਵੀ ਕੀਤੀ। ਇਸ ਨੂੰ ਅੱਜਕੱਲ੍ਹ, ਫ਼ਰੀਦਕੋਟ ਕਹਿੰਦੇ ਹਨ। ਬਾਬਾ ਫ਼ਰੀਦ ਜੀ ਦੇ ਇਸ ਸ਼ਹਿਰ 'ਚ ਆਉਣ ਕਰਕੇ, ਬਾਅਦ 'ਚ ਉਨ੍ਹਾਂ ਦੀ ਯਾਦਗਾਰ ਵਜੋਂ, ਇਸ ਮੋਹਕਲਪੁਰ ਸ਼ਹਿਰ ਦਾ ਨਾਮ ਬਦਲ ਕੇ ਫ਼ਰੀਦਕੋਟ ਰੱਖ ਦਿੱਤਾ ਗਿਆ। ਇਹ ਸ਼ਹਿਰ ਭਾਰਤ ਦੇ ਪੰਜਾਬ ਪ੍ਰਾਂਤ 'ਚ ਸਥਿਤ ਹੈ। ਇੱਥੇ ਬਾਬਾ ਫ਼ਰੀਦ ਜੀ ਕੋਈ ਛੇ ਮਹੀਨੇ ਦੇ ਕਰੀਬ ਰੁਕੇ ਤੇ ਜਾਣ ਲੱਗੇ ਆਪਣੀ ਕੁਟੀਆ ਨੂੰ ਤਾਲੇ ਨਾਲ ਬੰਦ ਕਰ ਗਏ ਤੇ ਕਿਹਾ ਕਿ, "ਹੁਣ ਇਸ ਨੂੰ ਮੇਰਾ ਕੋਈ ਵੰਸ਼ਜ਼ ਹੀ ਆ ਕੇ ਖੋਲ੍ਹੇਗਾ।" ਇਸ ਤੋਂ ਬਾਅਦ ਉਹ ਪੰਜਾਬ ਦੇ ਪਹਾੜਾਂ 'ਚ ਦੀ ਹੁੰਦੇ ਹੋਏ ਪਾਕਪਟਨ ਪਹੁੰਚ ਗਏ। ਜਿਉਂ ਹੀ ਬਾਬਾ ਫ਼ਰੀਦ ਜੀ ਦਾ ਵੰਸ਼ਜ਼ ਦਿਵਾਨ ਤਾਜ਼-ਉੱਲ-ਦੀਨ ਆਪਣੀ ਮੱਕੇ-ਮਦੀਨੇ ਦੀ ਹੱਜ਼ ਯਾਤਰਾ ਪੂਰੀ ਕਰਕੇ ਵਾਪਿਸ ਆਇਆ ਤਾਂ ਉਸ ਤੋਂ ਬਾਅਦ ਉਹ ਪੰਜਾਬ ਦੇ ਇਸ ਫ਼ਰੀਦਕੋਟ ਸ਼ਹਿਰ 'ਚ ਆਇਆ ਤੇ ਉਸ ਨੇ ਲੋਕਾਂ ਤੋਂ ਬਾਬਾ ਫ਼ਰੀਦ ਜੀ ਦੇ ਵੰਸ਼ਜ਼ ਦਾ ਨਾਮ ਪੁੱਛਿਆ ਤੇ ਉਹਨਾਂ ਨੇ ਕਿਹਾ ਕਿ ਅਸੀਂ ਤਾਂ ਸਿਵਾਏ ਕੁਤਬ-ਉੱਲ-ਆਲਮ ਬਾਬਾ ਫ਼ਰੀਦ ਸ਼ਕਰਗੰਜ ਨੂੰ ਹੀ ਜਾਣਦੇ ਹਾਂ ਤੇ ਹੋਰ ਉਨ੍ਹਾਂ ਦੇ ਕਿਸੇ ਜਾਨਸ਼ੀਨ ਜਾਂ ਵੰਸ਼ਜ਼ ਨੂੰ ਨਹੀਂ ਜਾਣਦੇ। ਫਿਰ ਉਸ ਨੇ ਕਿਹਾ ਕਿ, "ਮੈਂ ਹੀ ਉਨ੍ਹਾਂ ਦਾ ਵੰਸ਼ਜ਼ ਹਾਂ", ਫਿਰ ਲੋਕਾਂ ਦੀ ਹਾਜ਼ਰੀ 'ਚ ਤਾਜ਼-ਉੱਲ-ਦੀਨ ਨੇ ਬਾਬਾ ਫ਼ਰੀਦ ਜੀ ਦੀ ਕੁਟੀਆ ਦਾ ਦਰਵਾਜ਼ਾ ਖੋਲ੍ਹਿਆ। ਇਹ ਹਕੀਕਤ ਬਾਬਾ ਫ਼ਰੀਦ ਜੀ ਦੇ ਜਾਣ ਤੋਂ ਕਈ ਸੌ ਸਾਲ ਬਾਅਦ ਦੀ ਹੈ। ਬਾਬਾ ਸ਼ੇਖ ਫ਼ਰੀਦ ਸ਼ਕਰਗੰਜ਼ ਜੀ ਦੀ ਯਾਦ 'ਚ ਇੱਥੇ ਹਰ ਸਾਲ ਤਿੰਨ ਦਿਨ ਲਈ 'ਬਾਬਾ ਫ਼ਰੀਦ ਜੀ ਦਾ ਮੇਲਾ' ਮਨਾਇਆ ਜਾਂਦਾ ਹੈ ਤੇ ਲੋਕ ਦੂਰੋਂ-ਦੂਰੋਂ ਇਸ 'ਚ ਸ਼ਾਮਲ ਹੋਣ ਲਈ ਆਉਂਦੇ ਹਨ।

ਬਾਬਾ ਫ਼ਰੀਦ ਜੀ ਦੀ ਮੌਤ 1266 ਈਸਵੀ ਨੂੰ ਮੁਹੱਰਮ ਤੋਂ ਪੰਜਵੇਂ ਦਿਨ ਬਾਅਦ ਨਮੂਨੀਆ ਦੀ ਬਿਮਾਰੀ ਨਾਲ ਹੋਈ। ਬਾਬਾ ਜੀ ਦੀ ਪਾਕਪਟਨ ਵਿਖੇ ਯਾਦਗਾਰ ਉਨ੍ਹਾਂ ਦੇ ਜਾਨਸ਼ੀਨਾਂ ਨੇ ਕਾਫੀ ਸਮਾਂ ਲੰਘ ਜਾਣ ਬਾਅਦ ਬਣਾਈ। ਬਾਬਾ ਫ਼ਰੀਦ ਜੀ ਇਕ ਵਿਲੱਖਣ ਸ਼ਖ਼ਸੀਅਤ ਦੇ ਬੜੇ ਪਹੁੰਚੇ ਹੋਏ ਸੂਫ਼ੀ ਸੰਤ ਸਨ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ 'ਚਿਸ਼ਤੀ' ਕਿਹਾ ਜਾਂਦਾ ਹੈ।

ਬਾਬਾ ਫ਼ਰੀਦ ਜੀ ਦਾ ਦਾਹ ਸੰਸਕਾਰ ਪਾਕਪਟਨ ਦੇ ਬਾਹਰ-ਬਾਰ ਸ਼ਹਿਰ ਤੋਂ ਥੋੜ੍ਹੀ ਦੂਰ ਕੀਤਾ ਗਿਆ। ਇਸ ਜਗ੍ਹਾ ਨੂੰ "ਸ਼ਹੀਦ ਗਾਹ" ਕਹਿੰਦੇ ਹਨ। ਉਹਨਾਂ ਦੀਆਂ ਸੂਫ਼ੀ ਮੱਤ ਦੀਆਂ ਸਿੱਖਿਆਵਾਂ ਨੂੰ ਉਨ੍ਹਾਂ ਦੇ ਜਾਨਸ਼ੀਨਾਂ ਤੇ ਪੈਰੋਕਾਰਾਂ ਨੇ ਅੱਜ ਵੀ ਜੀਵੰਤ ਰੱਖਿਆ ਹੋਇਆ ਹੈ ਤੇ ਸੰਸਾਰ ਭਰ ਤੋਂ ਲੋਕ, ਇੱਥੇ ਸਜਦਾ ਕਰਨ ਲਈ ਤੇ ਸੂਫ਼ੀ ਮੱਤ ਦੀਆਂ ਸਿੱਖਿਆਵਾਂ ਲੈਣ ਲਈ ਆਉਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ, ਸਤਿਗੁਰੂ ਕਬੀਰ ਦਾਸ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਸੈਨ ਜੀ ਤੇ ਹੋਰ ਭਗਤੀ ਲਹਿਰ ਦੇ ਅਨੇਕਾਂ ਰਹਿਬਰਾਂ ਨੇ ਬਾਬਾ ਫ਼ਰੀਦ ਜੀ ਦੀਆਂ ਸਿੱਖਿਆਵਾਂ ਤੋਂ ਪ੍ਰਭਾਵ ਗ੍ਰਹਿਣ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਯਾਤਰਾਵਾਂ ਦੇ ਦੌਰਾਨ ਪਾਕਪਟਨ ਵਿਖੇ ਗਏ ਤੇ ਉਹ ਬਾਬਾ ਸ਼ੇਖ਼ ਫ਼ਰੀਦ ਸ਼ਕਰਗੰਜ ਜੀ ਦੀ ਗੱਦੀ ਦੇ ਛੇਵੇਂ ਜਾਨਸ਼ੀਨ ਸ਼ੇਖ਼ ਫ਼ਰੀਦ ਜੀ ਸਾਨੀ ਜਾਂ ਸ਼ੇਖ਼ ਫ਼ਰੀਦ ਜੀ ਦੂਜੇ, ਨੂੰ ਮਿਲੇ ਤੇ ਉਹਨਾਂ ਤੋਂ, ਆਪਣੇ ਨਾਲ ਬਾਬਾ ਸ਼ੇਖ ਫ਼ਰੀਦ ਜੀ ਦੀ ਬਾਣੀ ਵੀ ਨਾਲ ਲਿਆਏ। ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ 'ਗੁਰੂ ਗ੍ਰੰਥ ਸਾਹਿਬ' 'ਚ ਦਰਜ ਕੀਤਾ ਹੈ। ਗੁਰੂ ਗ੍ਰੰਥ ਸਾਹਿਬ 'ਚ ਸ਼ੇਖ਼ ਫ਼ਰੀਦ ਜੀ ਦੇ 112 ਸ਼ਲੋਕ ਦਰਜ ਹਨ ਤੇ ਇਸ ਦੇ ਨਾਲ 20 ਸ਼ਲੋਕ ਉਹ ਵੀ ਦਰਜ ਕੀਤੇ ਗਏ ਹਨ, ਜਿਹੜੇ ਗੁਰੂ ਸਾਹਿਬ ਨ ਸ਼ੇਖ਼ ਫ਼ਰੀਦ ਜੀ ਦੇ ਸਲੋਕਾਂ ਦੀ ਟਿੱਪਣੀ ਵਜੋਂ ਲਿਖੇ ਹਨ, ਜਿੱਥੇ ਉਹਨਾਂ ਦੇ ਵਿਚਾਰ, ਬਾਬਾ ਸ਼ੇਖ਼ ਫ਼ਰੀਦ ਜੀ ਨਾਲ ਨਹੀਂ ਮਿਲਦੇ ਸਨ।

ਉਥੇ ਉਹਨਾਂ ਨੇ ਨਾਲ ਇਹ ਸ਼ਲੋਕ ਵੀ ਲਿਖ ਦਿੱਤੇ ਤਾਂ ਜੋ ਫ਼ਰੀਦ ਜੀ ਤੇ ਗੁਰੂ ਸਾਹਿਬਾਨ ਦੇ ਸ਼ਲੋਕਾਂ ਦਾ ਵਿਚਾਰਧਾਰਕ ਫਰਕ ਪਤਾ ਲੱਗ ਸਕੇ। ਸ਼ੇਖ਼ ਫ਼ਰੀਦ ਜੀ ਦੀ ਬਾਣੀ 'ਚ ਨਿਰਾਸ਼ਾਵਾਦ ਜ਼ਿਆਦਾ ਭਾਰੂ ਹੈ ਪਰ ਵਿਚ-ਵਿਚ ਆਸ਼ਾਵਾਦ ਵੀ ਆਪਣੇ ਝਲਕਾਰੇ ਮਾਰਦਾ ਹੈ।

ਬਾਬਾ ਸ਼ੇਖ਼ ਫ਼ਰੀਦ ਸ਼ਕਰਗੰਜ ਜੀ ਨੂੰ ਸਹੀ ਮਾਅਨਿਆਂ 'ਚ ਪੰਜਾਬੀ ਸਾਹਿਤ ਤੇ ਭਾਸ਼ਾ ਦੇ ਆਰੰਭਕ ਦੌਰ ਦੇ ਨਿਰਮਾਤਾ ਕਿਹਾ ਜਾ ਸਕਦਾ ਹੈ। ਉਹਨਾਂ ਦੀ ਸਾਹਿਤ ਰਚਨਾ ਨੇ ਹਿੰਦੀ ਤੇ ਉਰਦੂ ਭਾਸ਼ਾਵਾਂ 'ਤੇ ਵੀ ਆਪਣੇ ਸਮਿਆਂ 'ਚ ਗਹਿਰਾ ਪ੍ਰਭਾਵ ਛੱਡਿਆ। ਉਨ੍ਹਾਂ ਦੀ ਰਚਨਾ, ਭਾਵ ਬਾਣੀ ਬੜੀ ਸਰਲ, ਸਪਸ਼ਟ ਤੇ ਆਮ ਲੋਕਾਂ ਦੀ ਬੋਲੀ 'ਚ ਹੈ। ਉਹਨਾਂ ਤੋਂ ਕਾਫੀ ਸਮਾਂ ਬਾਅਦ ਦੇ ਪ੍ਰਸਿੱਧ ਕਵੀਆਂ ਨੇ ਜਿਨ੍ਹਾਂ 'ਚ ਸਤਿਗੁਰੂ ਕਬੀਰ ਦਾਸ ਜੀ, ਤੁਲਸੀ ਦਾਸ ਜੀ ਤੇ ਮੀਰਾਂ ਬਾਈ ਜੀ ਨੇ ਵੀ ਆਪਣੀਆਂ ਕਵਿਤਾਵਾਂ ਆਮ ਲੋਕਾਂ ਦੀ ਬੋਲੀ 'ਚ ਬੜੇ ਸਰਲ ਤੇ ਸਪਸ਼ਟ ਸ਼ਬਦਾਂ 'ਚ ਲਿਖਣ ਦੀ ਪਿਰਤ ਪਾਈ। ਇਹ ਗੱਲ ਕਹਿਣ 'ਚ ਕੋਈ ਅੱਤਕਥਨੀ ਨਹੀਂ ਹੋਵੇਗੀ ਕਿ ਬਾਬਾ ਸ਼ੇਖ਼ ਫ਼ਰੀਦ ਸ਼ਕਰਗੰਜ ਜੀ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਅਸਲੀ ਪੱਥ-ਪ੍ਰਦਰਸ਼ਕ ਹਨ।

# ਨਫ਼ਰਤੀ ਭੀੜ ਤੰਤਰ ਅਤੇ ਸਰਕਾਰੀ ਬੇ-ਰੁਖੀ

**ਦੇਸ਼ ਵਿੱਚ ਹੁਣ ਵਾਲੀ ਹਾਕਮ ਜਮਾਤ ਵੱਲੋਂ ਧੜਾ-ਧੜ ਲੋਕ ਸਭਾ-ਰਾਜ ਸਭਾ ਵਿੱਚ ਬਿੱਲ ਪਾਸ ਹੋ ਰਹੇ ਹਨ। ਨਿੱਤ ਨਵੇਂ-ਨਵੇਂ ਕਾਨੂੰਨ ਬਣ ਰਹੇ ਹਨ। ਰਾਸ਼ਟਰਪਤੀ ਉਨ੍ਹਾ ਉਤੇ ਬਿਨਾ ਉਜਰ ਦਸਤਖਤ ਕਰੀ ਜਾ ਰਹੇ ਹਨ। ਦਹਿਸ਼ਤਗਰਦੀ ਨੂੰ ਖ਼ਤਮ ਕਰਨ ਲਈ ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਸੋਧ ਬਿੱਲ ਪਾਸ ਹੋ ਗਿਆ। ਇਸ ਕਨੂੰਨ ਦੇ ਪਾਸ ਹੋਣ ਨਾਲ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ ਆਈ ਏ) ਨੂੰ ਜਥੇਬੰਦੀ ਦੇ ਨਾਲ-ਨਾਲ ਕਿਸੇ ਵੀ ਵਿਅਕਤੀ ਨੂੰ ਦਹਿਸ਼ਤਗਰਦ ਕਰਾਰ ਦੇਣ ਦੇ ਅਧਿਕਾਰ ਦੇ ਦਿੱਤੇ ਗਏ ਹਨ। ਵਿਰੋਧੀ ਧਿਰ ਨੇ ਇਸ ਬਿੱਲ ਦਾ ਇਹ ਕਹਿ ਕੇ ਵਿਰੋਧ ਕੀਤਾ ਹੈ ਕਿ ਦੇਸ਼ ਨੂੰ ਉਸ ਵਿਚਾਰਧਾਰਾ ਵੱਲ ਅੱਗੇ ਵਧਾਇਆ ਜਾ ਰਿਹਾ ਹੈ।**



**ਗੁਰਮੀਤ ਪਲਾਹੀ**
**91-98158-02070**

''ਦੇਸ਼ ਵਿੱਚ ਇਹ ਕੀ ਹੋ ਰਿਹਾ ਹੈ?'' ਜਿਹੇ ਸਵਾਲ ਜੇਕਰ ਦੇਸ਼ ਦੀ ਸਰਬ-ਉੱਚ-ਅਦਾਲਤ ਦਾ ਸਰਬ-ਉੱਚ-ਜੱਜ ਕਰੇ ਤਾਂ ਗੱਲ ਸਮਝ ਤੋਂ ਬਾਹਰ ਨਹੀਂ ਰਹਿਣੀ ਚਾਹੀਦੀ ਕਿ ਦੇਸ਼ ਵਿੱਚ ਸਭ ਅੱਛਾ ਹੈ। ਦੇਸ਼ 'ਚ ਚੌਧਰ ਦੇ ਭੁੱਖੇ ਕੁਝ ਲੋਕ ''ਬਾਕੀ ਸਭਨਾ'' ਨੂੰ ਆਪਣੀ ਤਾਕਤ ਨਾਲ ਦਬਾਅ ਕੇ ਰੱਖਣਾ ਚਾਹੁੰਦੇ ਹਨ ਅਤੇ ਕੁੱਟਮਾਰ ਕਰਕੇ ਉੱਚੀ ਸੀਅ ਤੱਕ ਵੀ ਬੋਲਣ ਨਹੀਂ ਦੇਣਾ ਚਾਹੁੰਦੇ। ਦੇਸ਼ ਵਿੱਚ ਹੁਣ ਵਾਲੀ ਹਾਕਮ ਜਮਾਤ ਵੱਲੋਂ ਧੜਾ-ਧੜ ਲੋਕ ਸਭਾ-ਰਾਜ ਸਭਾ ਵਿੱਚ ਬਿੱਲ ਪਾਸ ਹੋ ਰਹੇ ਹਨ। ਨਿੱਤ ਨਵੇਂ-ਨਵੇਂ ਕਾਨੂੰਨ ਬਣ ਰਹੇ ਹਨ। ਰਾਸ਼ਟਰਪਤੀ ਉਨ੍ਹਾ ਉਤੇ ਬਿਨਾ ਉਜਰ ਦਸਤਖਤ ਕਰੀ ਜਾ ਰਹੇ ਹਨ। ਦਹਿਸ਼ਤਗਰਦੀ ਨੂੰ ਖ਼ਤਮ ਕਰਨ ਲਈ ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਸੋਧ ਬਿੱਲ ਪਾਸ ਹੋ ਗਿਆ। ਇਸ ਕਨੂੰਨ ਦੇ ਪਾਸ ਹੋਣ ਨਾਲ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ ਆਈ ਏ) ਨੂੰ ਜਥੇਬੰਦੀ ਦੇ ਨਾਲ-ਨਾਲ ਕਿਸੇ ਵੀ ਵਿਅਕਤੀ ਨੂੰ ਦਹਿਸ਼ਤਗਰਦ ਕਰਾਰ ਦੇਣ ਦੇ ਅਧਿਕਾਰ ਦੇ ਦਿੱਤੇ ਗਏ ਹਨ। ਵਿਰੋਧੀ ਧਿਰ ਨੇ ਇਸ ਬਿੱਲ ਦਾ ਇਹ ਕਹਿ ਕੇ ਵਿਰੋਧ ਕੀਤਾ ਹੈ ਕਿ ਦੇਸ਼ ਨੂੰ ਉਸ ਵਿਚਾਰਧਾਰਾ ਵੱਲ ਅੱਗੇ ਵਧਾਇਆ ਜਾ ਰਿਹਾ ਹੈ। ਜਿਹੜਾ ਸੰਕੇਤ ਕਰਦਾ ਹੈ ਕਿ ਜੇ ਮੈਂ ਜਾਂ ਤੁਸੀਂ ਸਰਕਾਰ ਦੀ ਅਲੋਚਨਾ ਕਰਦੇ ਹੋ ਤਾਂ ਰਾਸ਼ਟਰ ਵਿਰੋਧੀ ਕਹਿਲਾਉਣਗੇ। ਪਰ ਦੇਸ਼ ਵਿੱਚ ਫੈਲ ਰਹੀ ਜਾਂ ਫੈਲਾਏ ਜਾ ਰਹੀ ਨਫ਼ਰਤੀ ਭੀੜ ਤੰਤਰ ਬਾਰੇ ਕੁਝ ਵੀ ਬੋਲਿਆ ਨਹੀਂ ਜਾ ਰਿਹਾ ਹਾਲਾਂਕਿ ਦੇਸ਼ ਦੀ ਸੁਪਰੀਮ ਕੋਰਟ ਨੇ ਕੇਂਦਰੀ ਸਰਕਾਰ ਅਤੇ ਲੱਗਭੱਗ ਸਾਰੀਆਂ ਮੁੱਖ ਸੂਬਾ ਸਰਕਾਰਾਂ ਨੂੰ ਪੁੱਛਿਆ ਹੈ ਕਿ ਨਫ਼ਰਤੀ ਭੀੜਤੰਤਰ ਨੂੰ ਨੱਥ ਪਾਉਣ ਲਈ ਉਨ੍ਹਾਂ ਵੱਲੋਂ ਕੀ ਕੀਤਾ ਜਾ ਰਿਹਾ ਹੈ।

ਅਮਰੀਕਾ ਵਰਗੇ ਫੰਨੇ-ਖਾਂ, ਮਨੁੱਖੀ ਅਧਿਕਾਰਾਂ ਦਾ ਢੰਡੋਰਾ ਪਿੱਟਣ ਵਾਲੇ ਦੇਸ਼ ਨੂੰ, ਆਪਣੇ ਦੇਸ਼ ਵਿੱਚ ਨਫ਼ਰਤੀ ਭੀੜਤੰਤਰ ਨੂੰ ਰੋਕਣ ਲਈ 100 ਵਰ੍ਹਿਆਂ ਤੋਂ ਵੱਧ ਸਮਾਂ ਲੱਗਿਆ ਅਤੇ 1918 ਤੋਂ ਲੈ ਕੇ 2018 ਤੱਕ ਲੱਗਭੱਗ 200 ਬਿੱਲ ਅਮਰੀਕਾ ਦੇ ਵੱਖੋ-ਵੱਖਰੇ ਸੂਬਿਆਂ ਵੱਲੋਂ ਪਾਸ ਕੀਤੇ ਗਏ, ਪਰ ਨਫ਼ਰਤੀ ਭੀੜਤੰਤਰ ਨੂੰ ''ਰਾਸ਼ਟਰੀ ਅਪਰਾਧ'' 2018 'ਚ ਹੀ ਐਲਾਨਿਆ ਜਾ ਸਕਿਆ। ਜਿਹੋ ਜਿਹੀਆਂ ਸਥਿਤੀਆ ਅਮਰੀਕਾ ਵਿੱਚ ਨਸਲੀ ਵਿਤਕਰੇ ਦੀਆਂ ਵੇਖਣ ਨੂੰ ਮਿਲ ਰਹੀਆਂ ਹਨ, ਉਹੋ ਜਿਹੀਆਂ ਸਥਿਤੀਆਂ ਦੇਸ਼ ਦੇ ਬਹੁ-ਗਿਣਤੀ ਭਾਈਚਾਰੇ ਵੱਲੋਂ ਘੱਟ-ਗਿਣਤੀਆਂ ਸੰਬੰਧੀ ਵਰਤਾਰੇ ਨੂੰ ਧਿਆਨ 'ਚ ਰੱਖ ਕੇ ਵੇਖੀਆਂ ਜਾ ਸਕਦੀਆਂ ਹਨ। ਕਦੇ ਗਊ ਹੱਤਿਆ ਦੇ ਨਾਮ ਉਤੇ, ਕਦੇ ਖਾਣ-ਪਹਿਨਣ ਦੇ ਨਾਂਅ ਉੱਤੇ ਭੀੜਤੰਤਰ ਵੱਲੋਂ ਕਾਨੂੰਨ ਆਪਣੇ ਹੱਥ 'ਚ ਲੈ ਕੇ ਕੁੱਟਮਾਰ, ਮਾਰ-ਵੱਢ ਅਤੇ ਕਦੇ ਕਿਸੇ ਫਿਰਕੇ ਵਿਸ਼ੇਸ਼ ਦਾ ਗੋਧਰਾ, ਦਿੱਲੀ 'ਚ ਕਤਲੇਆਮ ਕੀਤਾ ਜਾਂਦਾ ਹੈ, ਉਹ ਕੀ ਅਮਰੀਕਾ ਵਰਗੇ ਕਿਸੇ ਸਖ਼ਤ ਕਾਨੂੰਨ ਦੀ ਮੰਗ ਨਹੀਂ ਕਰਦਾ, ਜਿਸ 'ਚ ਭੀੜ ਤੰਤਰ ਵੱਲੋਂ ਕਿਸ ਨੂੰ ਕਦੇ ਚੋਰ-ਡਾਕੂ ਗਰਦਾਨਾਕੇ, ਕਦੇ ਕਿਸੇ ਨੂੰ ਬਹਾਨੇ ਮਾਰ ਦਿੱਤਾ ਜਾਂਦਾ ਹੈ। ਕੀ ਇਹੋ ਜਿਹੇ ਅਣ ਮਨੁੱਖੀ ਕਾਰੇ ਕਿਸੇ ਫਿਰਕੇ ਵਿਸ਼ੇਸ਼ 'ਚ ਡਰ ਪਾਉਣ ਲਈ ਤਾਂ ਨਹੀਂ ਕੀਤੇ ਜਾਂਦੇ? ''ਰਾਸ਼ਟਰਵਾਦ'' ਦੇ ਨਾਮ ਉਤੇ ਮਿਲਦੀਆਂ, ਮੁਲਕ ਛੱਡਣ ਦੀਆਂ ਧਮਕੀਆਂ ਅਤੇ ਇਹਨਾ ਵਾਪਰ ਰਹੀਆਂ ਘਟਨਾਵਾਂ ਦੀਆਂ ਮੌਕੇ ਤੇ ਵੀਡੀਓ ਬਣਾ ਕੇ 'ਸ਼ੋਸ਼ਲ ਮੀਡੀਆ ਰਾਹੀ ਪ੍ਰਚਾਰਨ ਕਰਨਾ, ਕੀ ਅਸਲ ਵਿੱਚ ਕਿਸੇ ਘੱਟ-ਗਿਣਤੀ ਵਿਸ਼ੇਸ਼ ਫਿਰਕੇ ਨੂੰ ਇਹ ਦਰਸਾਉਣਾ ਨਹੀਂ ਕਿ ਉਹ ਇਸ ਦੇਸ਼ 'ਚ ਦੂਜੇ ਦਰਜੇ ਦੇ ਸ਼ਹਿਰੀ ਹਨ। ਕੀ ਭੀੜ ਤੰਤਰ ਦੀਆਂ ਆਪਹੁਦਰੀਆਂ 'ਰਾਸ਼ਟਰੀ ਅਪਰਾਧ' ਨਹੀਂ ਹੈ?

ਕੀ ਇਹ ਦੇਸ਼ ਦੇ ਲੋਕਤੰਤਰ ਉਤੇ ਧੱਬਾ ਨਹੀਂ ਹੈ? ਬਹੁਤਾ ਕਰਕੇ ਭੀੜਤੰਤਰ ਦੀਆਂ ਇਹ ਕਾਰਵਾਈਆਂ ਉੱਤਰ ਪ੍ਰਦੇਸ਼, ਰਾਜਸਥਾਨ, ਬਿਹਾਰ ਵਰਗੇ ਵੱਡੇ ਸੂਬਿਆਂ 'ਚ ਵਾਪਰੀਆਂ ਹਨ। ਉੱਤਰ ਪ੍ਰਦੇਸ਼ ਵਿਚਲੀਆਂ ਘਟਨਾਵਾਂ ਨੇ ਸੂਬੇ ਦੀ ਸਰਕਾਰ ਨੂੰ ਬਹੁਤ ਬਦਨਾਮੀ ਦੁਆਈ। ਉਤਰ ਪ੍ਰਦੇਸ਼ ਲਾਅ ਕਮਿਸ਼ਨ ਨੇ ਪਿਛਲੇ ਮਹੀਨੇ ਪਹਿਲ-ਕਦਮੀ ਕਰਦਿਆਂ ਸਰਕਾਰ ਨੂੰ ਭੀੜ ਤੰਤਰ ਰੋਕੂ ਬਿੱਲ ਦਾ ਇੱਕ ਡਰਾਫਟ ਤਿਆਰ ਕਰਕੇ ਦਿੱਤਾ ਹੈ, ਪਰ ਇਸ ਤੋਂ ਪਹਿਲਾਂ ਮਨੀਪੁਰ ਦੀ ਸਰਕਾਰ ਨੇ ਨਫ਼ਰਤੀ ਭੀੜ ਤੰਤਰ ਨੂੰ ਰੋਕਣ ਲਈ ਇੱਕ ਆਰਡੀਨੈਂਸ ਪਿਛਲੇ ਸਾਲ ਜਾਰੀ ਕੀਤਾ ਸੀ।

ਇਸ ਲਈ ਬਿੱਲ ਡਰਾਫਟ ਅਤੇ ਮਨੀਪੁਰ ਆਰਡੀਨੈਂਸ ਵਿੱਚ ਭੀੜਤੰਤਰ ਨੂੰ ਕਾਬੂ ਕਰਨ ਲਈ ਪੁਲਸ ਤੰਤਰ ਨੂੰ ਕਾਨੂੰਨ ਅਨੁਸਾਰ ਭਰਵੇਂ ਅਧਿਕਾਰ ਦੇਣ ਦੀ ਗੱਲ ਕੀਤੀ ਗਈ ਹੈ। ਇਸੇ ਕਿਸਮ ਦੀ ਇੱਕ ਪਹਿਲ ਕਦਮੀ ਨੈਸ਼ਨਲ ਯੂ ਪੀ ਏ ਸਰਕਾਰ ਵੱਲੋਂ ਨੈਸ਼ਨਲ ਐਡਵਾਈਜਰੀ ਕੌਂਸਲ ਨੇ ਕੀਤੀ ਸੀ ਅਤੇ ਸੁਝਾਇਆ ਸੀ ਕਿ ਪਬਲਿਕ ਸੁਰੱਖਿਆ ਲਈ ਪੁਲਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਇਸ ਢੰਗ ਨਾਲ ਸੰਵਿਧਾਨਕ ਅਤੇ ਕਾਨੂੰਨੀ ਡਿਊਟੀ ਨਿਭਾਉਣ ਕਿ ਹਰ ਵਰਗ, ਧਰਮ, ਜਾਤ ਦੇ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ। ਪਰ ਇਹ ਸੁਝਾਅ ਕਾਨੂੰਨ ਕਦੇ ਨਹੀਂ ਬਣਾਇਆ ਗਿਆ। ਰਾਜਸਥਾਨ ਵਿਚਲੀ ਕਾਂਗਰਸ ਸਰਕਾਰ ਨੇ ਵੀ ਭੀੜਤੰਤਰ ਸੰਬੰਧੀ ਕਾਨੂੰਨ ਬਣਾਉਣ ਲਈ ਕਦਮ ਚੁੱਕੇ ਹਨ।

ਉਹ ਦੇਸ਼ ਜਿਥੇ ਨੀਵੀਂ ਜਾਤ ਦਾ ਵਰਗੀਕਰਨ ਕੀਤਾ ਜਾਂਦਾ ਹੋਵੇ, ਜਿਥੇ ਉੱਚ ਜਾਤੀ ਦੇ ਲੋਕ ਨੀਵੀਂ ਜਾਤ ਦੇ ਲੋਕਾਂ ਨੂੰ ਵਿਆਹ ਸਮੇਂ ਘੋੜੀ ਉੱਤੇ ਚੜ੍ਹ ਕੇ ਜਾਣ ਤੋਂ ਰੋਕਣ ਅਤੇ ਫਸਾਦ ਕਰਨ, ਜਿਥੇ ਮੰਦਰਾਂ ਵਿੱਚ ਜਾਣ ਤੋਂ ਇਸਤਰੀਆਂ ਤੱਕ ਨੂੰ ਰੋਕ ਹੋਵੇ, ਉਸ ਦੇਸ਼ ਵਿੱਚ ਨਫ਼ਰਤੀ ਵਰਤਾਰਾ ਉਸ ਸਮੇਂ ਹੋਰ ਵਧਦਾ ਹੈ, ਜਦੋਂ ਧਰਮ, ਜਾਤ, ਫਿਰਕੇ ਦੇ ਨਾਂਅ ਉਤੇ ਵੋਟਾਂ ਮੰਗੀਆਂ ਜਾਂਦੀਆਂ ਹਨ। ਇਕ ਫ਼ਿਰਕੇ ਨੂੰ ਦੂਜੇ ਫਿਰਕੇ ਦੇ ਵਿਰੋਧ ਵਿੱਚ ਕਰਨ ਲਈ ''ਅਪਰਾਧੀ'' ਕਿਸਮ ਦੇ ਸਿਆਸਤਦਾਨਾਂ ਵੱਲੋਂ ਆਪਣੇ 'ਗੁਰਗਿਆ', ਗੁੰਡਿਆਂ ਰਾਹੀਂ ਦਹਿਸ਼ਤ ਫੈਲਾਈ ਜਾਂਦੀ ਹੈ ਅਤੇ ਦੇਸ਼ ਦੀ ਅਫ਼ਸਰਸ਼ਾਹੀ ਅਤੇ ਬਹੁਤੀਆਂ ਹਾਲਤਾਂ ਵਿੱਚ ਦੇਸ਼ ਦਾ ਕਾਨੂੰਨ ਵੀ ਚੁੱਪੀ ਧਾਰੀ ਬੈਠਾ ਰਹਿੰਦਾ ਹੈ।

ਦੇਸ਼ ਵਿੱਚ ਭੀੜ ਤੰਤਰ ਦੀਆਂ ਘਟਨਾਵਾਂ ਵਾਪਰੀਆਂ ਹਨ ਪਰ ਇਹ ਸਿੱਤਮ ਦੀ ਗੱਲ ਹੈ ਕਿ ਇਨ੍ਹਾਂ ਨੂੰ ਭੀੜਤੰਤਰ ਦੀਆਂ ਘਟਨਾਵਾਂ ਨਹੀਂ ਗਿਣਿਆ ਜਾਂਦਾ ਸਗੋਂ ਸਰਕਾਰੀ ਤੌਰ ਤੇ ਰਿਕਾਰਡ ਵਿੱਚ ਫਿਰਕੂ ਦੰਗੇ, ਜਾਂ ਧਰਮਾ ਜਾਤਾਂ ਦੇ ਆਪਸੀ ਕਲੇਸ਼ ਦੇ ਨਾਂਅ ਦਿੱਤਾ ਜਾਂਦਾ ਹੈ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਨੇ ਰਿਕਾਰਡ ਕੀਤਾ ਕਿ 2014 ਵਿੱਚ ਦੇਸ਼ ਦੇ ਵੱਖ-ਵੱਖਰੇ ਫਿਰਕਿਆਂ ਵਿੱਚ 2014 ਦੇ ਵਿੱਚ 336 ਅਤੇ 2015 ਵਿੱਚ 424 ਕੇਸ ਦਰਜ ਹੋਏ। ਸਾਲ 2015 ਵਿੱਚ ਸੈਂਕੜਿਆਂ ਦੀ ਗਿਣਤੀ 'ਚ ਇਕੱਠੀ ਹੋਈ ਭੀੜ ਨੇ ਮੁਹੰਮਦ ਇਖਲਾਕ ਨਾਮ ਦੇ ਇੱਕ ਬੰਦੇ ਨੂੰ ਹਰਿਆਣਾ ਦੇ ਇਸ ਪਿੰਡ ਵਿੱਚ ਇਸ ਕਰਕੇ ਮਾਰ ਦਿੱਤਾ ਗਿਆ ਕਿ ਖਦਸ਼ਾ ਸੀ ਕਿ ਉਸ ਨੇ ਗਾਂ ਦਾ ਮਾਸ ਖਾਧਾ ਹੈ। ਦੀਮਪੁਰ (ਆਸਾਮ) ਵਿੱਚ 2015 ਵਿੱਚ ਫਰੀਦਖਾਨ ਨੂੰ ਇਸ ਕਰਕੇ ਭੀੜ ਨੇ ਮਾਰ ਦਿੱਤਾ ਕਿ ਉਸ ਨੇ ਦੂਜੇ ਫਿਰਕੇ ਦੀ ਇੱਕ ਲੜਕੀ ਨਾਲ ਬਲਾਤਕਾਰ ਕੀਤਾ ਸੀ। ਸ੍ਰੀਨਗਰ ਵਿੱਚ ਮੁਸਲਿਮ ਹਜੂਮ ਨੇ ਡੀ. ਐਸ.ਪੀ. ਅਯੂਬ ਨੂੰ ਮਸਜਿਦ ਸਾਹਮਣੇ ਕੁੱਟ ਕੁੱਟ ਕੇ ਮਾਰ ਦਿੱਤਾ। ਰਾਜਸਥਾਨ ਦੇ ਅਲਵਰ ਵਿੱਚ ਪਹਿਲੂ ਖਾਨ ਨਾਂਅ ਦੇ ਵਿਅਕਤੀ ਦਾ ਕਤਲ ਕਿਸੇ ਤੋਂ ਭੁਲਿਆ ਨਹੀਂ।

ਪਰ ਇਨ੍ਹਾ ਘਟਨਾਵਾਂ ਵਿੱਚੋਂ ਬਹੁਤੀਆਂ ਘਟਨਾਵਾਂ ਪ੍ਰਤੀ ਸਰਕਾਰੀ ਅਧਿਕਾਰੀਆਂ ਦੀ ਇਨ੍ਹਾ ਘਟਨਾਵਾਂ ਤੋਂ ਬਾਅਦ ਵਿਖਾਈ ਬੇਰੁਖੀ ਵੱਡੇ ਸਵਾਲ ਖੜੇ ਕਰਦੀ ਹੈ। ਬਹੁਤ ਘੱਟ ਲੋਕਾਂ ਨੂੰ 1984 ਦੇ ਸਿੱਖ ਕਤਲੇਆਮ ਦੇ ਮਾਮਲੇ 'ਚ ਸਜ਼ਾ ਮਿਲੀ। ਇਸ ਤੋਂ ਹੀ ਬਹੁਤ ਘੱਟ ਲੋਕਾਂ ਨੂੰ ਗੋਧਰਾ ਕਾਂਡ ਦੇ ਮਾਮਲੇ ਵਿੱਚ ਇਨਸਾਫ਼ ਮਿਲਿਆ। ਪਰ ਇਨ੍ਹਾ ਸਾਰੀਆਂ ਘਟਨਾਵਾਂ ਨੂੰ ਸਿਆਸੀ ਰੰਗਣ ਦੇ ਕੇ ਲਗਾਤਾਰ ਲਟਕਾਇਆ ਗਿਆ। ਕਮਿਸ਼ਨ ਬਣੇ, ਸਪੈਸ਼ਲ ਇਨਵਿਰਸਟੀਗੇਸ਼ਨ ਕਰਵਾਈਆਂ ਗਈਆਂ, ਪਰ ਬਹੁਤੀਆਂ ਹਾਲਤਾਂ ਵਿੱਚ ਇਨ੍ਹਾ ਘਟਨਾਵਾਂ ਦਾ ਸਿਆਸੀਕਰਨ ਹੋਇਆ।

ਦੇਸ਼ ਵਿੱਚੋਂ ਭੀੜ ਤੰਤਰ ਦੀਆਂ ਘਟਨਾਵਾਂ ਦਾ ਨਿੱਤ ਪ੍ਰਤੀ ਵਧ ਜਾਣਾ ਚਿੰਤਾਜਨਕ ਹੈ। ਭਾਰਤੀ ਲੋਕਤੰਤਰ ਵਿੱਚ ਹਰ ਧਰਮ, ਫਿਰਕੇ, ਜਾਤ ਦੇ ਲੋਕਾਂ ਨੂੰ ਬਰਾਬਰ ਦੇ ਅਧਿਕਾਰ, ਭਾਰਤ ਦੇ ਸੰਵਿਧਾਨ ਅਨੁਸਾਰ ਮਿਲੇ ਹੋਏ ਹਨ।

ਜੇਕਰ ਉਨ੍ਹਾ ਅਧਿਕਾਰਾਂ ਦੀ ਰੱਖਿਆ ਕਰਨ 'ਚ ਸਰਕਾਰਾਂ ਅਸਮਰਥ ਰਹਿੰਦੀਆਂ ਹਨ ਤਾਂ ਇਹ ਉਨ੍ਹਾ ਲੋਕਾਂ ਦੇ ਮਨਾਂ 'ਚ ਡਾਹਢਾ ਰੋਸ ਪੈਦਾ ਕਰੇਗਾ, ਜਿਨ੍ਹਾ ਨੂੰ ਵੰਡ ਕੇ, ਡਰਾਕੇ, ਧਮਕੀ ਦੇ ਕੇ ਜਾਂ ਫੁਸਲਾਕੇ ਉਨ੍ਹਾ ਦੇ ਹੱਕ ਕਿਸੇ ਤਾਕਤਵਰ ਧਿਰ ਜਾਂ ਫਿਰਕੇ ਵੱਲੋਂ ਖੋਹੇ ਜਾਂਦੇ ਹਨ। ਅਸਲ ਵਿੱਚ ਇਹ ਕਾਰਵਾਈ ਸਰਕਾਰਾਂ ਦੀ ਆਪਣੇ ਫ਼ਰਜ਼ਾਂ 'ਚ ਕੋਤਾਹੀ ਵਜੋਂ ਵੇਖੀ ਜਾਵੇਗੀ। ਪਹਿਲਾਂ ਹੀ ਸਾਡਾ ਸਮਾਜਕ ਢਾਂਚਾ ਜਾਤੀਆਂ ਅਤੇ ਧਰਮਾਂ 'ਚ ਬਿਖਰਿਆ ਪਿਆ ਹੈ।

ਜੋ ਵੱਖ-ਵੱਖ ਖੇਮਿਆਂ 'ਚ ਵੰਡਿਆ ਕਈ ਹਾਲਾਤਾਂ ਵਿੱਚ ਆਪਹੁਦਰੀਆਂ ਕਰਨ ਦੇ ਰਾਹ ਪਿਆ ਹੋਇਆ ਹੈ। ਲੋੜ ਇਸ ਗੱਲ ਦੀ ਹੈ ਕਿ ਦੇਸ਼ 'ਚ ਦੇਸ਼ ਦਾ ਕਾਨੂੰਨ ਆਪਣੇ ਹੱਥ ਲੈ ਕੇ ਆਪ ਹੁਦਰੀਆਂ ਕਰਨ ਵਾਲਿਆਂ ਨੂੰ ਸਖਤੀ ਨਾਲ ਰੋਕਣ ਦਾ ਪ੍ਰਬੰਧ ਕੀਤਾ ਜਾਵੇ। ਸਖਤ ਕਾਨੂੰਨ ਬਣਾਏ ਜਾਣ। ਦੇਸ਼ 'ਚ ਭੀੜਤੰਤਰ ਨੂੰ ਕਾਬੂ ਕਰਨ ਲਈ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ 'ਚ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜੋ ਭੀੜਤੰਤਰ ਦੇ ਵਿਰੁੱਧ ਕੀ ਕਾਰਵਾਈ ਕੀਤੀ ਜਾਏ ਇਸ ਸੰਬੰਧੀ ਸਿਫਾਰਸ਼ ਕਰੇਗੀ।

ਪਰ ਕੀ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਜਾਂ ਯੂ ਪੀ ਦੇ ਮੁੱਖ ਮੰਤਰੀ, ਯੋਗੀ ਆਦਿਤਿਆਨਾਥ ਤੋਂ ਇਸ ਦੀ ਤਵੱਕੋ ਕੀਤੀ ਜਾ ਸਕਦੀ ਹੈ ਕਿ ਉਹ ਭੀੜਤੰਤਰ ਦੀਆਂ ਆਪਹੁਦਰੀ ਰੋਕਣ ਲਈ ਅਜਿਹੇ ਕਾਨੂੰਨ ਬਣਾਉਣਗੇ ਜਿਹੜਾ ਉਨ੍ਹਾ ਅਧਿਕਾਰੀਆਂ ਨੂੰ ਸਜ਼ਾ ਦੇਵੇ ਜਾਂ ਦੁਆਵੇ ਜਿਹੜੇ ਇਹੋ ਜਿਹੀਆਂ ਭੀੜ ਤੰਤਰ ਦੀਆਂ ਘਟਨਾਵਾਂ ਨੂੰ ਮੂਕ-ਦਰਸ਼ਕ ਵਜੋਂ ਵੇਖਦੇ ਰਹਿੰਦੇ ਹਨ ਅਤੇ ਜਿਹੜੇ ਆਪਣੀ ਡਿਊਟੀ ਪ੍ਰਤੀ ਲਾਪਰਵਾਹੀ ਕਰਦੇ ਹਨ ਅਤੇ ਜਿਹੜੇ ਦੋਸ਼ੀਆਂ ਨੂੰ ਕਟਹਿਰੇ 'ਚ ਖੜਾ ਕਰਨ ਦੀ ਥਾਂ ਆਪਣੀਆਂ ਨੌਕਰੀਆਂ ਜਾਂ ਜਾਨਾਂ ਬਚਾਉਣ ਨੂੰ ਤਰਜੀਹ ਦੇਂਦੇ ਹਨ।

# ਕੀ ਹੈ ਧਾਰਾ '370' ਕਿਵੇਂ ਬਣੀ ਤੇ ਹੁਣ ਕੀ ਬਦਲਿਆ!



**ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'**
**1-559-333-5776**

ਜੰਮੂ-ਕਸ਼ਮੀਰ ਮੁੱਦੇ ਨੂੰ ਲੈ ਕੇ ਜਾਰੀ ਘਮਾਸਾਨ ਅਤੇ ਫੌਜੀ ਹੱਲਚਲ ਦਰਮਿਆਨ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਰਾਜ ਸਭਾ ਵਿਚ ਜੰਮੂ-ਕਸ਼ਮੀਰ ਰਾਜ ਮੁੜਗਠਨ ਬਿੱਲ 2019 ਨੂੰ ਪੇਸ਼ ਕੀਤਾ। ਇਸ ਨੂੰ ਲੈ ਕੇ ਸਦਨ ਵਿਚ ਹੰਗਾਮਾ ਵੀ ਹੋਇਆ। ਅਮਿਤ ਸ਼ਾਹ ਨੇ ਧਾਰਾ-370 ਦੇ ਸਾਰੇ ਹਿੱਸਿਆਂ ਨੂੰ ਨਾ ਲਾਗੂ ਕਰਨ ਦਾ ਸੰਕਲਪ ਪੇਸ਼ ਕੀਤਾ। ਧਾਰਾ-370 ਦਾ ਹੁਣ ਸਿਰਫ ਇਕ ਹਿੱਸਾ ਰਹੇਗਾ ਯਾਨੀ ਕਿ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਸੂਬੇ ਦਾ ਦਰਜਾ ਖਤਮ ਹੋ ਗਿਆ ਹੈ। ਇਸ ਧਾਰਾ ਦੇ ਹਟਾਉਣ ਤੋਂ ਪਹਿਲਾਂ ਸਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਆਖਰਕਾਰ ਧਾਰਾ-370 ਹੈ ਕੀ ਅਤੇ ਇਸ 'ਤੇ ਵਿਵਾਦ ਕਿਉਂ ਰਿਹਾ।

ਧਾਰਾ-370 ਨੂੰ ਸੰਵਿਧਾਨ ਦੇ 21ਵੇਂ ਅਧਿਆਏ ਵਿਚ ਅਸਥਾਈ ਤੌਰ 'ਤੇ ਸ਼ਾਮਲ ਕੀਤਾ ਗਿਆ ਸੀ। ਜੰਮੂ-ਕਸ਼ਮੀਰ ਦੀ ਸੰਵਿਧਾਨ ਸਭਾ ਨੇ 27 ਮਈ 1949 ਨੂੰ ਧਾਰਾ 306ਏ (ਹੁਣ ਧਾਰਾ-370) ਨੂੰ ਸਵੀਕਾਰ ਕੀਤਾ ਗਿਆ ਸੀ। ਫਿਰ 17 ਅਕਤੂਬਰ 1949 ਨੂੰ ਇਹ ਧਾਰਾ ਭਾਰਤੀ ਸੰਵਿਧਾਨ ਦਾ ਹਿੱਸਾ ਬਣਾਇਆ ਗਿਆ ਸੀ।

**ਧਾਰਾ-370 ਨਾਲ ਜੰਮੂ-ਕਸ਼ਮੀਰ ਕੋਲ ਸਨ ਵਿਸ਼ੇਸ਼ ਅਧਿਕਾਰ—**

ਇਸ ਧਾਰਾ ਤਹਿਤ ਜੰਮੂ-ਕਸ਼ਮੀਰ ਵਿਚ ਰੱਖਿਆ, ਵਿਦੇਸ਼ ਮਾਮਲੇ ਅਤੇ ਸੰਚਾਰ ਮਾਮਲੇ 'ਚ ਕਾਨੂੰਨ ਬਣਾਉਣ ਦਾ ਅਧਿਕਾਰ ਸੀ।

ਵੱਖ-ਵੱਖ ਵਿਸ਼ਿਆਂ 'ਤੇ ਕਾਨੂੰਨ ਲਾਗੂ ਕਰਵਾਉਣ ਲਈ ਕੇਂਦਰ ਨੂੰ ਸੂਬਾ ਸਰਕਾਰ ਦੀ ਸਹਿਮਤੀ ਲੈਣੀ ਪੈਂਦੀ ਸੀ।

ਜੰਮੂ-ਕਸ਼ਮੀਰ ਸੂਬੇ 'ਤੇ ਸੰਵਿਧਾਨ ਦੀ ਧਾਰਾ-356 ਲਾਗੂ ਨਹੀਂ ਹੁੰਦੀ ਸੀ।

ਰਾਸ਼ਟਰਪਤੀ ਕੋਲ ਸੂਬੇ ਦੇ ਸੰਵਿਧਾਨ ਨੂੰ ਬਰਖਾਸਤ ਕਰਨ ਦਾ ਅਧਿਕਾਰ ਨਹੀਂ ਸੀ।

ਸ਼ਹਿਰੀ ਜ਼ਮੀਨ ਕਾਨੂੰਨ (1976) ਵੀ ਜੰਮੂ-ਕਸ਼ਮੀਰ 'ਤੇ ਲਾਗੂ ਨਹੀਂ ਹੁੰਦਾ ਸੀ। ਯਾਨੀ ਕਿ ਜੰਮੂ-ਕਸ਼ਮੀਰ ਵਿਚ ਜ਼ਮੀਨ ਨਹੀਂ ਖਰੀਦ ਸਕਦੇ ਸਨ।

ਧਾਰਾ-370 ਤਹਿਤ ਭਾਰਤੀ ਨਾਗਰਿਕ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਸੂਬਿਆਂ ਤੋਂ ਇਲਾਵਾ ਭਾਰਤ ਵਿਚ ਕਿਤੇ ਵੀ




ਜ਼ਮੀਨ ਖਰੀਦਣ ਦਾ ਅਧਿਕਾਰ ਸੀ।

**ਧਾਰਾ-370 ਦੀਆਂ ਅਹਿਮ ਗੱਲਾਂ**

ਜੰਮੂ-ਕਸ਼ਮੀਰ ਵਿਚ ਬਾਹਰ ਦੇ ਲੋਕ ਜ਼ਮੀਨ ਨਹੀਂ ਖਰੀਦ ਸਕਦੇ ਸਨ।

ਜੰਮੂ-ਕਸ਼ਮੀਰ ਦੀ ਵਿਧਾਨ ਸਭਾ ਦਾ ਕਾਰਜਕਾਲ 6 ਸਾਲ ਦਾ ਹੁੰਦਾ ਸੀ।

ਜੰਮੂ-ਕਸ਼ਮੀਰ 'ਚ ਔਰਤਾਂ 'ਤੇ ਸ਼ਰੀਅਤ ਕਾਨੂੰਨ ਲਾਗੂ ਹੁੰਦਾ ਸੀ।

ਜੰਮੂ-ਕਸ਼ਮੀਰ ਦੀ ਕੋਈ ਮਹਿਲਾ ਜੇਕਰ ਭਾਰਤ ਦੇ ਕਿਸੇ ਹੋਰ ਸੂਬੇ ਦੇ ਵਿਅਕਤੀ ਨਾਲ ਵਿਆਹ ਕਰ ਲਵੇ ਤਾਂ ਉਸ ਮਹਿਲਾ ਦੀ ਜੰਮੂ-ਕਸ਼ਮੀਰ ਦੀ ਨਾਗਰਿਕਤਾ ਖਤਮ ਹੋ ਜਾਂਦੀ ਸੀ।

ਜੰਮੂ-ਕਸ਼ਮੀਰ 'ਚ ਪੰਚਾਇਤ ਕੋਲ ਕੋਈ ਅਧਿ-ਕਾਰ ਨਹੀਂ ਸੀ।

ਜੰਮੂ-ਕਸ਼ਮੀਰ ਦਾ ਝੰਡਾ ਵੱਖਰਾ ਸੀ।

ਜੰਮੂ-ਕਸ਼ਮੀਰ ਵਿਚ ਭਾਰਤ ਦੇ ਰਾਸ਼ਟਰੀ ਝੰਡੇ ਜਾਂ ਰਾਸ਼ਟਰੀ ਪ੍ਰਤੀਕ ਚਿੰਨ੍ਹਾਂ ਦਾ ਅਪਮਾਨ ਅਪਰਾਧ ਨਹੀਂ ਸੀ। ਇੱਥੇ ਸੁਪਰੀਮ ਕੋਰਟ ਦੇ ਹੁਕਮ ਨਹੀਂ ਮੰਨੇ ਜਾਂਦੇ ਸਨ।

ਧਾਰਾ-370 ਤਹਿਤ ਕਸ਼ਮੀਰ ਵਿਚ ਰਹਿਣ ਵਾਲੇ ਪਾਕਿਸਤਾਨੀਆਂ ਨੂੰ ਵੀ ਭਾਰਤੀ ਨਾਗਰਿਕਤਾ ਮਿਲ ਜਾਂਦੀ ਸੀ।

ਸੂਚਨਾ ਦਾ ਅਧਿਕਾਰ (ਆਰ. ਟੀ. ਆਈ.) ਲਾਗੂ ਨਹੀਂ ਹੁੰਦਾ ਸੀ।

ਜੰਮੂ-ਕਸ਼ਮੀਰ 'ਚ ਪੰਚਾਇਤ ਕੋਲ ਕੋਈ ਅਧਿਕਾਰ ਨਹੀਂ ਸੀ।

**ਹੁਣ ਆਏ ਇਹ ਬਦਲਾਅ**

ਜੰਮੂ-ਕਸ਼ਮੀਰ ਦਾ ਵਿਸ਼ੇਸ਼ ਸੂਬੇ ਦਾ ਦਰਜਾ ਖਤਮ।

ਜੰਮੂ-ਕਸ਼ਮੀਰ 'ਚ ਵਿਧਾਨ ਸਭਾ ਦਾ ਕਾਰਜਕਾਲ 6 ਦੀ ਥਾਂ 5 ਸਾਲ ਦਾ ਹੋਵੇਗਾ।

ਜੰਮੂ-ਕਸ਼ਮੀਰ 'ਚ ਹੁਣ ਵੱਖਰਾ ਝੰਡਾ ਨਹੀਂ ਹੋਵੇਗਾ।

ਇੱਥੇ ਆਰ.ਟੀ.ਆਈ ਅਤੇ ਸੀ. ਏ. ਜੀ ਵਰਗੇ ਕਾਨੂੰਨ ਲਾਗੂ ਹੋਣਗੇ।

ਹੁਣ ਦੇਸ਼ ਦਾ ਕੋਈ ਵੀ ਨਾਗਰਿਕ ਜੰਮੂ-ਕਸ਼ਮੀਰ 'ਚ ਜ਼ਮੀਨ ਖਰੀਦ ਸਕੇਗਾ।

ਜੰਮੂ-ਕਸ਼ਮੀਰ ਵਿਚ ਧਾਰਾ-370 ਦਾ ਸਿਰਫ ਇਕ ਹਿੱਸਾ ਰਹੇਗਾ। ਜੰਮੂ-ਕਸ਼ਮੀਰ 'ਚ ਦੋਹਰੀ ਨਾਗਰਿਕਤਾ ਨੂੰ ਖਤਮ ਕੀਤਾ ਗਿਆ।

ਲੱਦਾਖ ਨੂੰ ਵੱਖਰਾ ਕੇਂਦਰ ਸ਼ਾਸਿਤ ਪ੍ਰਦੇਸ਼ ਐਲਾਨ ਕੀਤਾ ਗਿਆ। ਰਾਸ਼ਟਰੀ ਝੰਡੇ ਦਾ ਅਪਮਾਨ ਅਪਰਾਧ ਮੰਨਿਆ ਜਾਵੇਗਾ। ਕੁੱਲ ਮਿਲਾ ਕੇ ਧਾਰਾ-370 ਦੇ ਹਟਾਉਣ ਤੋਂ ਬਾਅਦ ਜੰਮੂ-ਕਸ਼ਮੀਰ ਨੂੰ ਮਿਲੇ ਵਿਸ਼ੇਸ਼ ਅਧਿਕਾਰ ਪੂਰੀ ਤਰ੍ਹਾਂ ਖਤਮ।

# ਨਿਊਯਾਰਕ ਵਿਚ ਬਾਬਾ ਨਿਧਾਨ ਸਿੰਘ ਅਤੇ ਭਗਤ ਪੂਰਨ ਸਿੰਘ ਦੀ ਸਲਾਨਾ ਯਾਦ ਮਨਾਈ

**ਨਿਊਯਾਰਕ (ਹੁਸਨ ਲੜੋਆ ਬੰਗਾ)–** ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਿੱਖ ਸੈਂਟਰ ਪਲੇਨਵਿਊ ਨਿਊਯਾਰਕ ਵਿਖੇ ਹਰ ਸਾਲ ਦੀ ਤਰ੍ਹਾਂ ਸੰਤ ਬਾਬਾ ਨਿਧਾਨ ਸਿੰਘ ਸਮੇਤ ਭਗਤ ਪੂਰਨ ਸਿੰਘ ਦੀ ਸਲਾਨਾ ਯਾਦ ਮਨਾਈ ਗਈ। ਸੰਤ ਬਾਬਾ ਨਿਧਾਨ ਸਿੰਘ ਕਲਚਰਲ ਸੁਸਾਇਟੀ ਅਤੇ ਸੁਰਿੰਦਰ ਸਿੰਘ ਪਾਲਦੀ ਦੇ ਸਾਂਝੇ ਉਦਮ ਨਾਲ ਕਰਵਾਏ ਗਏ ਸਮਾਗਮਾਂ ਵਿਚ ਡਾ. ਪਰਮਜੀਤ ਸਿੰਘ ਸਰੋਆ ਵਧੀਕ ਸਕੱਤਰ ਸ਼੍ਰੋਮਣੀ ਕਮੇਟੀ ਵਿਸ਼ੇਸ਼ ਤੌਰ 'ਤੇ ਪੁੱਜੇ ਉਨ੍ਹਾਂ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਇਨ੍ਹਾਂ ਸ਼ਖ਼ਸੀਅਤਾਂ ਨੇ ਗੁਰੂ ਨਾਨਕ ਦੇਵ ਜੀ ਦੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਜੋ ਦੇ ਸਿਧਾਂਤ ਨੂੰ ਅਪਣਾ ਕੇ ਪਰਉਪਕਾਰੀ ਭਾਵਨਾ ਰਾਹੀਂ ਸਿੱਖੀ ਪ੍ਰਚਾਰ ਪ੍ਰਸਾਰ ਵਿਚ ਨਾ ਭੁਲਾਉਣ ਵਾਲਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਸਾਨੂੰ ਇਨ੍ਹਾਂ ਸ਼ਖ਼ਸੀਅਤਾਂ ਤੋਂ ਪ੍ਰੇਰਨਾ ਲੈਂਦਿਆਂ ਉਹ ਸੇਵਾ ਕਰਨੀ ਚਾਹੀਦੀ ਹੈ ਜਿਸਦੀ ਅਜੋਕੇ ਸਮਾਜ ਨੂੰ ਅਤਿਅੰਤ ਲੋੜ ਹੈ। ਉਨ੍ਹਾਂ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸ਼ਾਮਲ ਹੋਣ ਦੀ ਵੀ ਅਪੀਲ ਕੀਤੀ। ਇਸ ਤੋਂ ਪਹਿਲਾਂ ਸ੍ਰੀ ਅਖੰਠ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ। ਜਿਸ ਵਿਚ



ਕਥਾਵਾਚਕ ਭਾਈ ਰਣਜੀਤ ਸਿੰਘ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਜੀ ਨੇ ਸੰਗਤਾਂ ਨੂੰ ਇਨ੍ਹਾਂ ਸ਼ਖ਼ਸੀ–ਅਤਾਂ ਦੇ ਜੀਵਨ ਅਤੇ ਕਾਰਜ ਬਾਰੇ ਚਾਨਣਾ ਪਾਇਆ। ਪ੍ਰਸਿੱਧ ਕੀਰਤਨੀਏ ਭਾਈ ਜਗਦੀਪ ਸਿੰਘ ਬੰਗਲਾ ਸਾਹਿਬ ਵਾਲਿਆਂ ਵੱਲੋਂ ਸੰਗਤ ਨੂੰ ਮਨੋਹਰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਇਸ ਮੌਕੇ ਮੌਜੇਕ ਕਲਾ ਵਿਚ ਵਿਸ਼ਵ ਪ੍ਰਸਿੱਧੀ ਖੱਟਣ ਵਾਲੇ ਹਰਜੀਤ ਸਿੰਘ ਸੰਧੂ ਦੀ ਜੀਵਨੀ ਅਧਾਰਤ ਪੁਸਤਕ 'ਪੋਟੇ ਬੋਲ ਪਏ' ਨੂੰ ਵੀ ਰਲੀਜ਼ ਕੀਤਾ ਗਿਆ। ਸ. ਸੰਧੂ ਨੇ ਇਹ ਪੁਸਤਕ ਡਾ. ਪਰਮਜੀਤ ਸਿੰਘ ਸਰੋਆ ਨੂੰ ਭੇਟ ਵੀ ਕੀਤੀ। ਗੁਰਦੁਆਰਾ ਕਮੇਟੀ ਦੇ ਵਰਿੰਦਰ ਸਿੰਘ ਸਿੱਕਾ ਨੇ ਆਈਆਂ ਸੰਗਤਾਂ ਅਤੇ ਡਾ. ਪਰਮਜੀਤ ਸਿੰਘ ਸਰੋਆ ਦਾ ਧੰਨਵਾਦ ਕੀਤਾ। ਇਸ ਮੌਕੇ ਬਾਬਾ ਨਿਧਾਨ ਸਿੰਘ ਕਲਚਰਲ ਸੁਸਾਇਟੀ ਨਿਊਯਾਰਕ ਦੇ ਜੋਗਾ ਸਿੰਘ ਜਸਵਾਲ, ਮਲਕੀਤ ਸਿੰਘ ਲੱਧੇਵਾਲੀ, ਕੁਲਵਿੰਦਰ ਸਿੰਘ ਭਾਮ, ਬਲਵਿੰਦਰ ਸਿੰਘ ਨੂਰੜ, ਸੰਦੀਪ ਸਿਮਘ ਪਧਿਆਣਾ, ਵਿੱਕੀ ਨਰਾਇਣਗੜ੍ਹ, ਪਰਵਿੰਦਰ ਸਿੰਘ ਢਿੱਲੋਂ ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ ਵੀ ਹਾਜ਼ਰ ਸਨ। ਡਾ. ਪਰਮਜੀਤ ਸਿੰਘ ਸਰੋਆ ਦਾ ਵਿਸ਼ੇਸ਼ ਸਨਮਾਨ ਚਿੰਨ ਨਾਲ ਸਨਮਾਨ ਕੀਤਾ ਗਿਆ।

# ਪੰਜਾਬੀ ਸੱਭਿਆਚਾਰਕ ਗੀਤਾਂ ਦਾ ਵਗਦਾ ਦਰਿਆ-ਦੀਦਾਰ ਖਾਨ ਧਬਲਾਨ

ਅਜਿਹੇ ਸੰਜੀਦਾ ਲੇਖਕ ਤੇ ਗੀਤਕਾਰ ਬਹੁਤ ਵਿਰਲੇ ਹੁੰਦੇ ਹਨ ਜੋ ਚੰਦ ਛਿੱਲੜਾਂ ਦੇ ਮੋਹ ਤੋਂ ਮੁਕਤ ਸੱਭਿਆਚਾਰਕ, ਸਮਾਜਿਕ, ਪਰਿਵਾਰਕ, ਧਾਰਮਿਕ ਵਿਸ਼ਿਆਂ ਨੂੰ ਛੂਹਦੇ ਮਰਿਆਦਾ ਪਰਸ਼ੋਤਮ ਸਾਹਿਤਕ ਗੀਤਾਂ, ਕਵਿਤਾਵਾਂ ਦੀ ਰਚਨਾ ਨੂੰ ਪਹਿਲ ਦਿੰਦੇ ਹਨ।ਅਜਿਹੀਆਂ ਹੀ ਸਾਹਿਤਕ ਸ਼ਖਸ਼ੀਅਤਾਂ ਚੋਂ ਗੀਤਕਾਰ ਦੀਦਾਰ ਖਾਨ ਧਬਲਾਨ ਦਾ ਨਾਮ ਉੱਭਰ ਕੇ ਸਾਹਮਣੇ ਆਉਂਦਾ ਹੈ।

ਆਪਣੀ ਜਿੰਦਗੀ ਦੀਆਂ 60 ਕੁ ਹੁਸੀਨ ਬਹਾਰਾਂ ਅਤੇ ਪੱਤਝੜਾ ਦਾ ਆਨੰਦ ਮਾਣ ਚੁੱਕੇ ਦੀਦਾਰ ਖਾਨ ਨੇ ਸ਼ਾਹੀ ਸਹਿਰ ਪਟਿਆਲਾ ਦੇ ਪਿੰਡ ਧਬਲਾਨ ਵਿਖੇ ਪਿਤਾ ਜਨਾਬ ਲਤੀਫ ਖਾਨ ਭੱਟੀ ਅਤੇ ਮਾਤਾ ਬੇਗਮ ਹਸਨੀ ਦੇ ਘਰ 12 ਮਈ 1959 ਨੂੰ ਜਨਮ ਲਿਆ। ਪੜਾਈ ਪੱਖੋਂ ਉਸਦਾ ਹੱਥ ਥੋੜਾ ਤੰਗ ਰਿਹਾ, ਬੱਸ ਪ੍ਰਾਇਮਰੀ ਹੀ ਪਾਸ ਕਰ ਸਕਿਆ ਅਤੇ ਪੜ੍ਹਾਈ ਛੱਡ ਪਿਤਾ ਨਾਲ ਕਬੀਲਦਾਰੀ ਦੇ ਮੋਢੇ ਨਾਲ ਮੋਢਾ ਜੋੜ ਲਿਆ। ਬੇਸ਼ੱਕ ਉਸਦੇ ਪਰਿਵਾਰ ਦਾ ਗੀਤ ਸੰਗੀਤ ਨਾਲ ਕੋਈ ਵਾਸਤਾ ਨਹੀਂ ਸੀ,ਪਰ ਫਿਰ ਵੀ ਨਾਨਕਿਆਂ ਚੋਂ ਉਸਦੇ ਕਵੀਸ਼ਰ ਮਾਮਾ ਰਮਜ਼ਾਨ ਖਾਨ ਦਾ ਉਸਦੇ ਮਨ ਤੇ ਡੂੰਘਾ ਪ੍ਰਭਾਵ ਪਿਆ ਤੇ ਉਸਦੇ ਮਨ ਅੰਦਰ ਵਿਚਾਰਾਂ ਦਾ ਤੂਫਾਨ ਉਬਾਲੇ ਮਾਰਨ ਲੱਗਾ। ਉਸ ਵੇਲੇ ਦੇ ਗੀਤਕਾਰ ਚਰਨ ਸਿੰਘ ਸਫਰੀ, ਗੁਰਦੇਵ ਮਾਨ,ਬਾਬੂ ਸਿੰਘ ਮਾਨ ਆਦਿ ਦਾ ਗੀਤਾਂ ਚ ਵੱਜਦਾ ਨਾਮ ਸੁਣ ਉਸ ਉੱਪਰ ਗੀਤਕਾਰੀ ਦਾ ਭੂਤ ਸਵਾਰ ਹੋ ਗਿਆ। ਖੇਤਾਂ ਚ ਡੰਗਰਾਂ ਪਿੱਛੇ ਘੁੰਮਦਿਆਂ ਕਾਫੀਏ ਮਿਲਾਉਣੇ ਸ਼ੁਰੂ ਕਰ ਦਿੱਤੇ ਅਤੇ ਸਭ ਤੋਂ ਪਹਿਲਾ ਗੀਤ "ਕੁੰਤੀ ਦਾ ਬਾਪੂ ਕਰਦਾ ਰਹੇ ਸ਼ਿਕਾਰ" ਲਿਖਿਆ। ਬੱਸ ਫਿਰ ਚੱਲ ਸੋ ਚੱਲ।ਹੁਣ ਤੱਕ ਬੇਰੋਕ ਕਰੀਬ 600 ਗੀਤਾਂ ਦੀ ਰਚਨਾ ਕਰ ਦਿੱਤੀ ਹੈ। ਉਸਦਾ ਕਹਿਣਾ ਹੈ ਕਿ ਗੀਤਾਂ ਦੀ ਰਚਨਾ ਉਸਨੂੰ ਕੁਦਰਤੀ ਬਖਸ਼ਿਸ਼ ਹੈ।ਭਾਵੇਂ ਉਸਨੇ ਇਸ ਖੇਤਰ 'ਚ ਕਿਸੇ ਨੂੰ ਗੁਰੂ ਨਹੀਂ ਧਾਰਨ ਕੀਤਾ, ਪਰ ਗਾਇਕੀ ਦੀਆਂ ਬਾਰੀਕੀਆਂ ਉਸਨੇ ਬਾਬੂ ਦੀਦਾਰ ਜਾਫਰ ਤੋਂ ਸਿੱਖੀਆਂ ਹਨ।



ਦੀਦਾਰ ਖਾਨ ਦਾ ਪਹਿਲਾਂ ਗੀਤ 'ਉੱਡਦੇ ਪੰਛੀ ਨੂੰ ਸੀਟੀ ਮਾਰ ਬੁਲਾਵੇਂ' 1978 'ਚ ਗਾਇਕ ਸੁਖਦੇਵ ਸਫਰੀ ਅਤੇ ਸੁਤਿੰਦਰ ਬੀਬਾ ਦੀ ਆਵਾਜ਼ ਚ ਰਿਕਾਰਡ ਹੋਇਆ ਸੀ, ਜੋ ਕਾਫੀ ਮਕਬੂਲ ਹੋਇਆ। ਇਸਤੋਂ ਬਾਅਦ ਸੁਖਦੇਵ ਸਫਰੀ, ਆਗਿਆ ਸਿੰਘ ਹੀਰਾ, ਮੰਗਤ ਖਾਨ, ਮਨਜੀਤ ਬੁਟਾਰੀ, ਤੀਰਥ ਚੰਦਨ, ਭਾਗ ਸਿੰਘ ਸੰਦਲ, ਬਲਜੀਤ ਸਹੋਤਾ, ਆਸਾ ਚੌਹਾਨ, ਕਰਨੈਲ ਹੀਰਾ ਨਾਭਾ, ਗੁਰਪ੍ਰੀਤ ਢਿੱਲੋਂ, ਪ੍ਰੀਤ ਸੰਦਲ,ਮਨੂੰ ਸਿਮਰਨ ਆਦਿ ਗਾਇਕਾਂ ਨੇ ਉਸਦੇ ਗੀਤਾਂ ਨੂੰ ਆਪਣੀ ਸੁਰੀਲੀ ਆਵਾਜ 'ਚ ਗਾਇਆ ਹੈ।

ਉਸਦੇ ਰਿਕਾਰਡ ਗੀਤਾਂ ਚੋਂ
ਮਾਂ ਦਾ ਖਤ,
ਤੱਤੀ ਤਵੀ,
ਤੇਰੇ ਨਾਲ ਸਿੰਘਾਂ ਦੀ ਲੜਾਈ ਦਿੱਲੀਏ, ਸਾਡੀ ਯਾਦ,
ਵਾਹਗੇ ਦੀ ਦੀਵਾਰ,

ਪ੍ਰਦੇਸ਼ ਦੀ ਚਿੱਠੀ ਗੀਤ ਜ਼ਿਕਰਯੋਗ ਹਨ। ਉਸਦੇ ਲਿਖੇ ਗੀਤ ਕਈ ਸਾਂਝੇ ਕਾਵਿ ਸੰਗ੍ਰਹਿਆਂ ਚ ਛਪੇ ਹਨ, ਜਿੰਨ੍ਹਾਂ ਚੋਂ ਜੀਵਨੀ ਕਵੀਸ਼ਰ ਨਸੀਬ ਚੰਦ ਪਾਤੜਾਂ, ਕਲਮ ਕਾਫਲਾ, ਕਲਮ ਸ਼ਕਤੀ, ਸ਼ਿਰਾਜਾ(ਜੰਮੂ-ਕਸ਼ਮੀਰ ਤੋਂ), ਕਲਮ ਦਾ ਸਫਰ ਪ੍ਰਮੁੱਖ ਹਨ।

ਪੰਜਾਬੀ ਬਾਲ ਸਾਹਿਤ ਪੁਰਸਕਾਰ ਜੇਤੂ ਡਾ. ਦਰਸ਼ਨ ਸਿੰਘ ਆਸ਼ਟ ਦੇ ਸਹਯੋਗ ਸਦਕਾ ਦੀਦਾਰ ਖਾਨ ਨੇ ਆਪਣੇ ਲਿਖੇ ਗੀਤਾਂ ਦੀਆਂ ਚਾਰ ਪੁਸਤਕਾਂ–
ਪੌਣਾਂ ਚ ਘੁਲੇ ਗੀਤ, ਕਾਗਜਾਂ ਦੇ ਫੁੱਲ,
ਅੱਲ੍ਹੇ ਜਖ਼ਮ ਅਤੇ
ਜਨਮ ਤੁਮਹਾਰੇ ਲੇਖੇ (ਧਾਰਮਿਕ)

ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਇਸ ਤੋਂ ਇਲਾਵਾ ਉਸਦੇ ਲਿਖੇ ਸਾਹਿਤਕ ਗੀਤ ਪੰਜਾਬੀ ਦੇ ਪੰਜਾਬ ਅਤੇ ਵਿਦੇਸ਼ਾਂ ਤੋਂ ਛਪਦੇ ਅਖਬਾਰਾਂ ਅਤੇ ਮੈਗਜ਼ੀਨ ਸਮੁੰਦਰੋਂ ਪਾਰ, ਗੁਸੱਈਆਂ, ਚੜ੍ਹਦੀ ਕਲਾ, ਅਦਬ ਆਦਿ ਚ ਛਪਦੇ ਰਹਿੰਦੇ ਹਨ। ਉਹ ਆਪਣੇ ਗੀਤਾਂ ਨਾਲ ਆਕਾਸ਼ਵਾਣੀ ਪਟਿਆਲਾ, ਟਾਈਮ ਟੀਵੀ, ਲਕਸ਼ਮੀ ਚੈਨਲ ਕਲਕੱਤਾ ਰਾਹੀਂ ਵੀ ਸਰੋਤਿਆਂ ਨਾਲ ਰੂਬਰੂ ਹੋ ਚੁੱਕਾ ਹੈ।

ਉਸਦਾ ਕਹਿਣਾ ਹੈ ਕਿ ਉਸਨੇ ਹਮੇਸ਼ਾ ਸਾਹਿਤਕ ਅਤੇ ਪਰਿਵਾਰਕ ਗੀਤ ਲਿਖਣ ਨੂੰ ਤਰਜੀਹ ਦਿੱਤੀ ਹੈ। ਉਸਦੇ ਗੀਤਾਂ ਦੇ ਵਿਸ਼ੇ ਪਿਆਰ, ਮੁਹੱਬਤ, ਵਿਛੋੜੇ ਦਾ ਦਰਦ, ਸਮਾਜਿਕ ਕੁਰੀਤੀਆਂ, ਪਰਿਵਾਰਕ ਨੋਕਝੋਕ ਆਧਾਰਿਤ ਹਨ। ਦੇਸ਼ ਦੀ ਵੰਡ ਦਾ ਉਸਨੂੰ ਗਹਿਰਾ ਦੁੱਖ ਹੈ।



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਆਪਣੀ ਇਸ ਕਲਾ ਦੇ ਬਲਬੂਤੇ ਉਹਨਾਂ ਸਾਊਦੀ ਅਰਬ,ਪਾਕਿ–ਸਤਾਨ, ਨੇਪਾਲ ਅਤੇ ਭਾਰਤ ਚ ਜੰਮੂ ਕਸ਼ਮੀਰ, ਮੇਘਾਲਿਆ, ਦਾਰਜੀਲਿੰਗ, ਕਲਕੱਤਾ, ਜੈਪੁਰ, ਪ੍ਰਤਾਪਗੜ੍ਹ, ਸ਼ਿਲਾਂਗ ਵਿਖੇ ਕਵੀ ਦਰਬਾਰਾਂ ਚ ਭਰਵੀਂ ਹਾਜਰੀ ਲਵਾਈ ਹੈ।

ਅੱਜਕਲ੍ਹ ਆਪਣੇ ਪਰਿਵਾਰ ਨਾਲ ਪਿੰਡ 'ਚ ਜਿੰਦਗੀ ਬਸਰ ਕਰ ਰਹੇ ਦੀਦਾਰ ਖਾਨ ਨੂੰ ਪਟਿਆਲਾ ਦੀਆਂ ਸਾਹਿਤਕ ਮਹਿਫਲਾਂ ਚ ਹਾਜਰੀ ਲਗਵਾ ਕੇ ਸਕੂਨ ਮਿਲਦਾ ਹੈ।ਉਸਦੇ ਲਿਖੇ ਗੀਤ 'ਚ ਨਸੀਹਤ

"ਇੱਟਾਂ ਸੀਮਿੰਟ ਸਰੀਏ ਦੇ ਨਾਲ ਬੰਗਲਾ ਬਣ ਜਾਦੈ,
ਜਿੱਥੇ ਬਹੀਏ ਜੁੜਕੇ ਤਾਂ ਉਹ ਘਰ ਅਖਵਾਉਂਦਾ ਹੈ।
ਹੋਵੇ ਕਲਾ ਕਲੇਸ਼ ਤਾਂ ਬੰਦਾ ਭੱਜਦੈ ਬਾਹਰ ਨੂੰ,
ਜੇ ਹੋਵੇ ਸਤਿਕਾਰ ਤਾਂ ਬੰਦਾ ਘਰ ਨੂੰ ਆਉਂਦਾ ਹੈ।"

ਅਤੇ

"ਵੱਢਦੇ ਕਸਾਈਆਂ ਕੋਲੋਂ ਭੱਜ ਜੇ ਛੁਡਾ ਕੇ ਪਸ਼ੂ
ਕਿਹੜੇ ਪਾਸੇ ਗਿਆ ਇਹ ਦੱਸਣਾ ਨਹੀਂ ਚਾਹੀਦਾ।







# ਜੰਮੂ ਕਸ਼ਮੀਰ: ਅਣਜਾਣੇ ਰਾਹਾਂ ਵੱਲ ਵਧਦੇ ਕਦਮ


ਹਮੀਰ ਸਿੰਘ

ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਦੀ ਸਲਾਹ 'ਤੇ ਰਾਸ਼ਟਰਪਤੀ ਦੇ ਨੋਟੀਫਿਕੇਸ਼ਨ ਨਾਲ ਜੰਮੂ ਕਸ਼ਮੀਰ ਦਾ ਨਾ ਕੇਵਲ ਵਿਸ਼ੇਸ਼ ਰੁਤਬਾ ਖ਼ਤਮ ਹੋ ਗਿਆ ਬਲਕਿ ਇਸ ਨੂੰ ਸਾਧਾਰਨ ਰਾਜ ਵੀ ਨਹੀਂ ਰਹਿਣ ਦਿੱਤਾ ਗਿਆ। ਲਦਾਖ਼ ਹੁਣ ਚੰਡੀਗੜ੍ਹ ਵਾਂਗ ਕੇਂਦਰ ਸ਼ਾਸਿਤ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਖੇਤਰ ਦਿੱਲੀ ਵਾਂਗ ਵਿਧਾਨ ਸਭਾ ਵਾਲਾ ਕੇਂਦਰ ਸਾਸ਼ਿਤ ਪ੍ਰਦੇਸ਼ ਹੋਵੇਗਾ। ਧਾਰਾ 370 ਸੰਵਿਧਾਨ 'ਚੋਂ ਖ਼ਤਮ ਤਾਂ ਨਹੀਂ ਕੀਤੀ ਪਰ ਇਸ ਧਾਰਾ ਦੀਆਂ ਉਪ-ਧਾਰਾਵਾਂ ਦੀ ਵਰਤੋਂ ਕਰਦਿਆਂ ਰਾਸ਼ਟਰਪਤੀ ਨੇ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਧਾਰਾ 35 ਏ ਖੁਦ-ਬਖੁਦ ਖ਼ਤਮ ਹੋ ਗਈ ਹੈ। ਇਸ ਤੋਂ ਪਹਿਲਾਂ ਕੁੱਝ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦਾ ਦਰਜਾ ਤਾਂ ਵਧਿਆ ਹੈ ਪਰ ਕਿਸੇ ਰਾਜ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਤਬਦੀਲ ਕਰ ਦੇਣ ਦਾ ਇਹ ਪਹਿਲਾ ਫੈਸਲਾ ਹੈ। ਸਰਕਾਰ ਦੀ ਇਹ ਇਕਤਰਫ਼ਾ ਕਾਰਵਾਈ ਸੰਵਿਧਾਨ ਅਤੇ ਜਮਹੂਰੀਅਤ ਨਾਲ ਖਿਲਵਾੜ ਹੈ। ਇਸ ਨਾਲ ਕਸ਼ਮੀਰੀਆਂ ਅੰਦਰ ਪਹਿਲਾਂ ਹੀ ਪੈਦਾ ਹੋਈ ਬੇਗਾਨਗੀ ਦੀ ਭਾਵਨਾ ਹੋਰ ਪੱਕੇ ਹੋ ਜਾਣ ਦਾ ਖ਼ਦਸ਼ਾ ਹੈ।

ਜੰਮੂ ਕਸ਼ਮੀਰ ਵਿਚ ਫ਼ਿਲਹਾਲ ਕਰਫਿਊ ਜਾਰੀ ਹੈ। ਇਸ ਦੇ ਜਨਤਕ ਆਗੂ ਜੇਲ੍ਹ ਵਿਚ ਬੰਦ ਹਨ। ਪਹਿਲਾਂ ਹੀ ਬੈਠੀ ਤਕਰੀਬਨ 6.5 ਲੱਖ ਫੌਜ ਅਤੇ ਅਰਧ ਸੈਨਿਕ ਬਲਾਂ ਦੇ ਬਾਵਜੂਦ ਤਕਰੀਬਨ 35 ਹਜ਼ਾਰ ਸੁਰੱਖਿਆ ਬਲ ਹੋਰ ਭੇਜ ਦਿੱਤੇ ਗਏ। ਸਰਕਾਰ ਦੇ ਇਨ੍ਹਾਂ ਤੌਰ-ਤਰੀਕਿਆਂ ਨੂੰ ਕਈ ਜਾਣਕਾਰਾਂ ਨੇ ਭਾਰਤ ਦੇ ਇਸਰਾਈਲੀਕਰਨ ਵੱਲ ਵਧਦੇ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਗ੍ਰਹਿ ਮੰਤਰੀ ਨੇ ਇਸ ਨੂੰ 70 ਸਾਲ ਪਹਿਲਾਂ ਹੋਈ ਗਲਤੀ ਨੂੰ ਦਰੁਸਤ ਕਰਨਾ ਕਿਹਾ ਹੈ। ਕੀ ਇਹ ਸਹੀ ਦਲੀਲ ਹੈ?

ਦੇਸ਼ ਦੀ ਵੰਡ ਦੇ ਸਮੇਂ ਰਿਆਸਤੀ ਰਾਜਾਂ ਨੂੰ ਭਾਰਤ ਅਤੇ ਪਾਕਿਸਤਾਨ ਕਿਸੇ ਵਿਚੋਂ ਵੀ ਇਕ ਨਾਲ ਜਾਣ ਜਾਂ ਆਜ਼ਾਦ ਰਹਿਣ ਦੀ ਪੇਸ਼ਕਸ਼ ਕੀਤੀ ਗਈ ਸੀ। ਜੰਮੂ ਕਸ਼ਮੀਰ ਦੇ ਮਹਾਰਾਜਾ ਹਰੀ ਸਿੰਘ ਨੇ ਕਿਸੇ ਨਾਲ ਵੀ ਨਾ ਜਾਣ ਦਾ ਫੈਸਲਾ ਕੀਤਾ ਪਰ ਕਬਾਇਲੀਆਂ ਦੇ ਹਮਲੇ ਨਾਲ ਬਣੇ ਹਾਲਾਤ ਕਾਰਨ 26 ਅਕਤੂਬਰ 1947 ਨੂੰ ਭਾਰਤ ਸਰਕਾਰ ਨਾਲ ਸਮਝੌਤਾ ਕੀਤਾ ਜਿਸ ਨੂੰ ਇੰਸਟਰੂਮੈਂਟ ਆਫ ਐਕਸੈਸ਼ਨ ਕਿਹਾ ਜਾਂਦਾ ਹੈ। ਦੇਖਿਆ ਜਾਵੇ ਤਾਂ ਇਹ ਦੋ ਰਾਜਾਂ ਦਰਮਿਆਨ ਸਮਝੌਤਾ ਸੀ। ਇਸ ਸਮਝੌਤੇ ਨਾਲ ਭਾਰਤ ਦੀ ਪਾਰਲੀਮੈਂਟ ਨੂੰ ਰੱਖਿਆ, ਵਿਦੇਸ਼ ਅਤੇ ਸੰਚਾਰ ਨਾਲ ਸਬੰਧਿਤ ਕਾਨੂੰਨ ਬਣਾਉਣ ਦਾ ਹੱਕ ਸੀ। ਬਾਕੀ ਸਭਾ ਤਾਕਤਾਂ ਜੰਮੂ ਕਸ਼ਮੀਰ ਦੀ ਵਿਧਾਨ ਸਭਾ ਕੋਲ ਹੋਣਗੀਆਂ। ਸਮਝੌਤੇ ਦੀ ਧਾਰਾ 5 ਵਿਚ ਮਹਾਰਾਜੇ ਨੇ ਲਿਖਿਆ ਕਿ ਮੌਜੂਦਾ ਪ੍ਰਬੰਧ ਵਿਚ ਕੋਈ ਵੀ ਤਬਦੀਲੀ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਨਹੀਂ ਕੀਤੀ ਜਾ ਸਕੇਗੀ। ਇਸੇ ਸਮਝੌਤੇ ਨੂੰ ਸੰਵਿਧਾਨ ਵਿਚ ਮਾਨਤਾ ਦੇਣ ਲਈ ਭਾਰਤੀ ਸੰਵਿਧਾਨ ਵਿਚ ਧਾਰਾ 370 ਜੋੜੀ ਗਈ। ਸਮਝੌਤੇ ਨੂੰ ਇਕਤਰਫ਼ਾ ਰੱਦ ਕਰਨਾ ਰਾਜਾਂ ਦਰਮਿਆਨ ਹੋਈਆਂ ਸੰਧੀਆਂ ਜਾਂ ਸਮਝੌਤਿਆਂ ਦਾ ਨਿਰਾਦਰ ਕਰਨਾ ਹੈ।

ਦੋ ਕੌਮਾਂ ਦੇ ਨੁਕਸਦਾਰ ਸਿਧਾਂਤ ਮੁਤਾਬਿਕ ਹੋਈ ਭਾਰਤ ਦੀ ਵੰਡ ਸਮੇਂ ਮੁਸਲਮਾਨਾਂ ਦਾ ਇਕ ਹਿੱਸਾ ਪਾਕਿਸਤਾਨ ਚਲਾ ਗਿਆ। ਉਸ ਵਕਤ ਭਾਰਤ ਖੁਦ ਨੂੰ ਜਮਹੂਰੀ ਅਤੇ ਧਰਮ ਨਿਰਪੱਖ ਮੁਲਕ ਵਜੋਂ ਸਥਾਪਿਤ ਕਰਨ ਦੀ ਦਲੀਲ ਤਹਿਤ ਮੁਸਲਿਮ ਬਹੁਗਿਣਤੀ ਵਾਲੇ ਸੂਬੇ ਜੰਮੂ ਕਸ਼ਮੀਰ ਨੂੰ ਨਾਲ ਰੱਖਣਾ ਚਾਹੁੰਦਾ ਸੀ। ਇਸ ਨਾਲ ਕੌਮਾਂਤਰੀ ਪੱਧਰ ਉੱਤੇ ਵੀ ਇਸ ਦੀ ਵੁਕਅਤ ਵਧਣੀ ਸੀ। ਭਾਰਤ ਨੇ ਇੱਥੋਂ ਤੱਕ ਕਿਹਾ ਕਿ ਜਮਹੂਰੀ ਮੁਲਕ ਹੋਣ ਕਾਰਨ ਹਾਲਾਤ ਠੀਕ ਹੋਣ ਉੱਤੇ ਜੰਮੂ ਕਸ਼ਮੀਰ ਦੇ ਲੋਕਾਂ ਦੀ ਰਾਇਸ਼ੁਮਾਰੀ ਕਰਵਾ ਕੇ ਫੈਸਲਾ ਕੀਤਾ ਜਾਵੇਗਾ ਕਿ ਉਹ ਭਾਰਤ ਨਾਲ ਰਹਿਣਾ ਚਾਹੁੰਦੇ ਹਨ? ਰਾਇਸ਼ੁਮਾਰੀ ਦਾ ਮੁੱਦਾ ਬਾਅਦ ਵਿਚ ਕੁੱਝ ਕਸ਼ਮੀਰੀ ਗਰੁੱਪਾਂ ਦੀ ਮੰਗ ਤੱਕ ਹੀ ਮਹਿਦੂਦ ਰਹਿ ਗਿਆ। ਸੰਵਿਧਾਨ ਨਿਰਮਾਤਾਵਾਂ ਨੇ ਹਾਲਾਂਕਿ ਘੱਟ ਗਿਣਤੀਆਂ ਉੱਤੇ ਆਧਾਰਿਤ ਬਣਾਈ ਸਬ ਕਮੇਟੀ ਦੀਆਂ ਸਿਫਾਰਿਸ਼ਾਂ ਨੂੰ ਨਹੀਂ ਮੰਨਿਆ ਸੀ ਪਰ ਕੌਮਾਂਤਰੀ ਮਹੱਤਵ ਕਰਕੇ ਜੰਮੂ ਕਸ਼ਮੀਰ ਦੇ ਵਿਸ਼ੇਸ਼ ਰੁਤਬੇ ਨੂੰ ਪ੍ਰਵਾਨ ਕੀਤਾ।



**ਦੋ ਕੌਮਾਂ ਦੇ ਨੁਕਸਦਾਰ ਸਿਧਾਂਤ ਮੁਤਾਬਿਕ ਹੋਈ ਭਾਰਤ ਦੀ ਵੰਡ ਸਮੇਂ ਮੁਸਲਮਾਨਾਂ ਦਾ ਇਕ ਹਿੱਸਾ ਪਾਕਿਸਤਾਨ ਚਲਾ ਗਿਆ। ਉਸ ਵਕਤ ਭਾਰਤ ਖੁਦ ਨੂੰ ਜਮਹੂਰੀ ਅਤੇ ਧਰਮ ਨਿਰਪੱਖ ਮੁਲਕ ਵਜੋਂ ਸਥਾਪਿਤ ਕਰਨ ਦੀ ਦਲੀਲ ਤਹਿਤ ਮੁਸਲਿਮ ਬਹੁਗਿਣਤੀ ਵਾਲੇ ਸੂਬੇ ਜੰਮੂ ਕਸ਼ਮੀਰ ਨੂੰ ਨਾਲ ਰੱਖਣਾ ਚਾਹੁੰਦਾ ਸੀ। ਇਸ ਨਾਲ ਕੌਮਾਂਤਰੀ ਪੱਧਰ ਉੱਤੇ ਵੀ ਇਸ ਦੀ ਵੁਕਅਤ ਵਧਣੀ ਸੀ। ਭਾਰਤ ਨੇ ਇੱਥੋਂ ਤੱਕ ਕਿਹਾ ਕਿ ਜਮਹੂਰੀ ਮੁਲਕ ਹੋਣ ਕਾਰਨ ਹਾਲਾਤ ਠੀਕ ਹੋਣ ਉੱਤੇ ਜੰਮੂ ਕਸ਼ਮੀਰ ਦੇ ਲੋਕਾਂ ਦੀ ਰਾਇਸ਼ੁਮਾਰੀ ਕਰਵਾ ਕੇ ਫੈਸਲਾ ਕੀਤਾ ਜਾਵੇਗਾ ਕਿ ਉਹ ਭਾਰਤ ਨਾਲ ਰਹਿਣਾ ਚਾਹੁੰਦੇ ਹਨ? ਰਾਇਸ਼ੁਮਾਰੀ ਦਾ ਮੁੱਦਾ ਬਾਅਦ ਵਿਚ ਕੁੱਝ ਕਸ਼ਮੀਰੀ ਗਰੁੱਪਾਂ ਦੀ ਮੰਗ ਤੱਕ ਹੀ ਮਹਿਦੂਦ ਰਹਿ ਗਿਆ। ਸੰਵਿਧਾਨ ਨਿਰਮਾਤਾਵਾਂ ਨੇ ਹਾਲਾਂਕਿ ਘੱਟ ਗਿਣਤੀਆਂ ਉੱਤੇ ਆਧਾਰਿਤ ਬਣਾਈ ਸਬ ਕਮੇਟੀ ਦੀਆਂ ਸਿਫਾਰਿਸ਼ਾਂ ਨੂੰ ਨਹੀਂ ਮੰਨਿਆ ਸੀ ਪਰ ਕੌਮਾਂਤਰੀ ਮਹੱਤਵ ਕਰਕੇ ਜੰਮੂ ਕਸ਼ਮੀਰ ਦੇ ਵਿਸ਼ੇਸ਼ ਰੁਤਬੇ ਨੂੰ ਪ੍ਰਵਾਨ ਕੀਤਾ।**

ਕੇਂਦਰ ਸਰਕਾਰ ਦੇ ਮੌਜੂਦਾ ਫੈਸਲੇ ਨੂੰ ਮੁਲਕ ਵੱਲੋਂ ਕਿਸੇ ਵਰਗ ਨਾਲ ਕੀਤੇ ਵਾਅਦੇ ਉੱਤੇ ਕਾਇਮ ਰਹਿਣ ਦੇ ਇਖ਼ਲਾਕੀ ਪੱਖ ਨਾਲ ਵੀ ਜੋੜ ਕੇ ਦੇਖਿਆ ਜਾਣਾ ਚਾਹੀਦਾ ਹੈ। ਕੈਬਿਨਟ ਮਿਸ਼ਨ ਯੋਜਨਾ ਵਿਚ ਵੀ ਘੱਟ ਗਿਣਤੀਆਂ ਦੀ ਬਹੁਗਿਣਤੀ ਵਾਲੇ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਦਲੀਲ ਸੀ ਜਿਸ ਨੂੰ ਕਾਂਗਰਸੀ ਆਗੂਆਂ ਨੇ ਬਾਅਦ ਵਿਚ ਨਾਮਨਜ਼ੂਰ ਕਰ ਦਿੱਤਾ। ਪੰਜਾਬ ਦੇ ਸਿੱਖ ਇਹ ਇਲਜ਼ਾਮ ਲਗਾਉਂਦੇ ਰਹੇ ਹਨ ਕਿ ਉਨ੍ਹਾਂ ਨਾਲ ਵਿਸ਼ੇਸ਼ ਖਿੱਤੇ ਦੇ ਕੀਤੇ ਵਾਅਦੇ ਤੋਂ ਮੁਕਰ ਕੇ ਸਰਕਾਰ ਨੇ ਧੋਖਾ ਕੀਤਾ ਹੈ। ਇਸੇ ਵਿਚੋਂ ਹੀ ਤਕਰੀਬਨ ਜੰਮੂ ਕਸ਼ਮੀਰ ਦੀ ਤਰਜ਼ ਦੀਆਂ ਤਾਕਤਾਂ ਹਾਸਲ ਕਰਨ ਵਾਲੇ ਆਨੰਦਪੁਰ ਸਾਹਿਬ ਦੇ ਮਤੇ ਉੱਤੇ ਸ਼੍ਰੋਮਣੀ ਅਕਾਲੀ ਦਲ ਨੇ ਲੰਮਾ ਸੰਘਰਸ਼ ਲੜਿਆ ਪਰ ਪੰਜਾਬੀ ਬੋਲੀ ਦੇ ਆਧਾਰ ਉੱਤੇ ਸੂਬਾ ਵੀ 1966 ਵਿਚ ਮਿਲਿਆ ਜਿਸ ਨਾਲ ਕਈ ਅਣਸੁਲਝੇ ਸੁਆਲ ਅਜੇ ਵੀ ਖੜ੍ਹੇ ਹਨ।

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਰਾਜ ਸਭਾ ਵਿਚ ਕਾਂਗਰਸ ਨੂੰ ਘੇਰਦਿਆਂ ਕਿਹਾ ਕਿ ਇਸ ਤੋਂ ਪਹਿਲਾਂ ਕਾਂਗਰਸ ਸਰਕਾਰਾਂ ਨੇ ਵੀ ਇਸੇ 370 ਧਾਰਾ ਦੀ ਵਰਤੋਂ ਕਰਦਿਆਂ ਜੰਮੂ ਕਸ਼ਮੀਰ ਦੇ ਅਧਿਕਾਰਾਂ ਵਿਚ ਕਟੌਤੀ ਕਈ ਵਾਰ ਕੀਤੀ ਹੈ। ਇਹ ਦਲੀਲ ਸਹੀ ਵੀ ਹੈ ਕਿਉਂਕਿ ਸ਼ੁਰੂ ਵਿਚ ਜੰਮੂ ਕਸ਼ਮੀਰ ਦਾ ਪ੍ਰਧਾਨ, ਸੰਵਿਧਾਨ ਅਤੇ ਨਿਸ਼ਾਨ ਅਲੱਗ ਸਨ। ਬਾਅਦ ਵਿਚ ਪ੍ਰਧਾਨ ਮੰਤਰੀ ਦਾ ਰੁਤਬਾ ਮੁੱਖ ਮੰਤਰੀ ਤੱਕ ਸੀਮਤ ਕਰ ਦਿੱਤਾ ਗਿਆ। ਸੁਪਰੀਮ ਕੋਰਟ ਲਾਗੂ ਹੋਈ, ਚੋਣ ਕਮਿਸ਼ਨ ਸਮੇਤ ਬਹੁਤ ਸਾਰੇ ਕਾਨੂੰਨ ਲਾਗੂ ਹੋਣ ਲੱਗੇ ਸਨ। ਉਸ ਵਕਤ ਕਾਂਗਰਸ ਨੇ ਕਸ਼ਮੀਰੀ ਆਗੂਆਂ ਵਿਚੋਂ ਹੀ ਕੁੱਝ ਆਗੂਆਂ ਨੂੰ ਪਾੜ ਕੇ ਜੰਮੂ ਕਸ਼ਮੀਰ ਸਰਕਾਰ ਅਤੇ ਵਿਧਾਨ ਸਭਾ ਤੋਂ ਵੀ ਮਨਜ਼ੂਰੀ ਦਿਵਾਈ ਜਾਂਦੀ ਰਹੀ। ਸ਼ੇਖ਼ ਅਬਦੁੱਲਾ ਨੂੰ 1975 ਵਿਚ ਇਕ ਹੋਰ ਸਮਝੌਤੇ ਤਹਿਤ ਹੀ ਜੇਲ੍ਹ ਵਿਚੋਂ ਛੱਡਿਆ ਗਿਆ।

ਉਂਜ, ਪਹਿਲਾਂ ਕੀਤੇ ਗ਼ਲਤ ਫ਼ੈਸਲਿਆਂ ਨਾਲ ਕਿਸੇ ਹੋਰ ਦਾ ਉਹੀ ਫ਼ੈਸਲਾ ਸਹੀ ਨਹੀਂ ਮੰਨਿਆ ਜਾ ਸਕਦਾ। ਕੇਂਦਰ ਦੇ ਇਸ ਫੈਸਲੇ ਨੇ ਜੰਮੂ ਕਸ਼ਮੀਰ ਵਿਧਾਨ ਸਭਾ ਨੂੰ ਮੂਲੋਂ ਹੀ ਦਰਕਿਨਾਰ ਕਰਕੇ ਰਾਸ਼ਟਰਪਤੀ ਰਾਜ ਰਾਹੀਂ ਹੀ ਸਭ ਕੁੱਝ ਕਰਨ ਨੂੰ ਵਾਜਿਬ ਠਹਿਰਾਇਆ ਜਾ ਰਿਹਾ ਹੈ। ਇਸ ਸੁਆਲ ਦਾ ਸਰਕਾਰ ਕੋਲ ਕੀ ਜਵਾਬ ਹੈ ਕਿ ਇਸ ਮੌਕੇ ਮੁਲਕ ਦੇ 11 ਸੂਬਿਆਂ ਕੋਲ ਵਿਸ਼ੇਸ਼ ਰੁਤਬਾ ਹੈ। ਕੀ ਕੱਲ੍ਹ ਨੂੰ ਅਰੁਣਾਚਲ ਪ੍ਰਦੇਸ਼, ਆਸਾਮ, ਹਿਮਾਚਲ ਪ੍ਰਦੇਸ਼, ਮਨੀਪੁਰ, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ, ਸਿੱਕਮ, ਤ੍ਰਿਪੁਰਾ ਅਤੇ ਉਤਰਾਖੰਡ ਦੇ ਵਿਸ਼ੇਸ਼ ਦਰਜੇ ਵੀ ਖ਼ਤਮ ਹੋ ਸਕਦੇ ਹਨ?

ਇਸ ਫ਼ੈਸਲੇ ਨਾਲ ਭਾਰਤੀ ਜਨਤਾ ਪਾਰਟੀ ਦੀ ਮਜ਼ਬੂਤ ਕੇਂਦਰ ਦੀ ਦਿਸ਼ਾ ਵਿਚ ਜਾ ਰਹੀ ਸਿਆਸਤ ਦਾ ਵੱਡਾ ਪੜਾਅ ਪਾਰ ਹੋ ਗਿਆ ਹੈ। ਇਸ ਤੋਂ ਪਹਿਲਾਂ ਹੀ ਕੌਮੀ ਜਾਂਚ ਏਜੰਸੀ (ਐਨਆਈਏ), ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂਏਪੀਏ), ਮੋਟਰ ਵਹੀਕਲ ਕਾਨੂੰਨ, ਸੂਚਨਾ ਦਾ ਅਧਿਕਾਰ ਕਾਨੂੰਨ, ਕੌਮੀ ਸਿੱਖਿਆ ਨੀਤੀ ਦਾ ਮਸੌਦਾ, ਸਿਹਤ ਸਬੰਧੀ ਯੋਜਨਾਵਾਂ, ਇਕ ਮੁਲਕ ਇਕ ਟੈਕਸ, ਇਕ ਮੁਲਕ ਇਕ ਚੋਣ ਸਮੇਤ ਸਾਰੇ ਕਾਨੂੰਨ ਸੰਘੀ ਢਾਂਚੇ ਨੂੰ ਦਰੜ ਕੇ ਕੇਂਦਰੀਕਰਨ ਵਾਲਾ ਸ਼ਾਸਨ ਪ੍ਰਬੰਧ ਸਿਰਜਣ ਦਾ ਆਧਾਰ ਪੈਦਾ ਕਰਨ ਵਾਲੇ ਹਨ। ਇਹੀ ਨਹੀਂ, ਯੂਏਪੀਏ ਵਰਗੇ ਕਾਨੂੰਨ ਅਤੇ ਐਨਆਈਏ ਮੁਲਕ ਨੂੰ ਪੁਲੀਸ ਰਾਜ ਵਿਚ ਤਬਦੀਲ ਕਰਨ ਦਾ ਹੀ ਸੰਕੇਤ ਦੇ ਰਹੇ ਹਨ। ਸਰਕਾਰ ਤੋਂ ਵਖਰੇਵਾਂ ਰੱਖਣ ਵਾਲੇ, ਬੇਰੁਜ਼ਗਾਰੀ, ਵਿੱਦਿਆ ਅਤੇ ਸਿਹਤ ਵਰਗੀਆਂ ਸਹੂਲਤਾਂ ਦੀ ਮੰਗ ਲਈ ਆਵਾਜ਼ ਉਠਾਉਣ ਵਾਲੇ ਇਨ੍ਹਾਂ ਦਾ ਨਿਸ਼ਾਨਾ ਅਸਾਨੀ ਨਾਲ ਬਣਾਏ ਜਾ ਸਕਣਗੇ।

ਇਸ ਦੇ ਨਾਲ ਹੀ ਭਾਰਤੀ ਸੰਘ ਅਤੇ ਰਾਜਾਂ ਦਰਮਿਆਨ ਤਾਕਤਾਂ ਦੀ ਮੁੜ ਵੰਡ ਦੇ ਚੱਲੇ ਅੰਦੋਲਨਾਂ ਕਾਰਨ ਸਰਕਾਰੀਆ ਕਮਿਸ਼ਨ ਅਤੇ ਪੁਣਛੀ ਕਮਿਸ਼ਨ ਵਰਗੇ ਕਮਿਸ਼ਨ ਬਣਦੇ ਰਹੇ ਹਨ। ਬਹੁਤ ਸਾਰੀਆਂ ਖੇਤਰੀ ਪਾਰਟੀਆਂ ਨੇ ਇਨ੍ਹਾਂ ਕਮਿਸ਼ਨਾਂ ਸਾਹਮਣੇ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਮੰਗ ਵਾਲਾ ਪੱਖ ਰੱਖਿਆ ਪਰ ਦਿਸ਼ਾ ਕੇਂਦਰੀਕਰਨ ਵਾਲੀ ਹੀ ਰਹੀ। ਹੁਣ ਸਪੱਸ਼ਟ ਹੋ ਰਿਹਾ ਹੈ ਕਿ ਮੁਲਕ ਪੂਰੀ ਤਰ੍ਹਾਂ ਬਹੁਗਿਣਤੀਵਾਦ ਦੀ ਦਿਸ਼ਾ ਵਿਚ ਚੱਲ ਰਿਹਾ ਹੈ ਜਿਸ ਵਿਚ ਬਹੁਗਿਣਤੀ ਦੇ ਜ਼ੋਰ ਕਿਸੇ ਨਾਲ ਵੀ ਬੇਇਨਸਾਫ਼ੀ ਵਾਜਿਬ ਕਰਾਰ ਦਿੱਤੀ ਜਾ ਸਕੇਗੀ। ਹੈਰਾਨੀ ਦੀ ਗੱਲ ਇਹ ਹੈ ਕਿ ਮੁਲਕ ਦੀਆਂ ਮੁੱਖ ਧਾਰਾ ਦੀਆਂ ਕੌਮੀ ਪਾਰਟੀਆਂ ਮੁਲਕ ਦੀ ਏਕਤਾ ਅਤੇ ਅਖੰਡਤਾ ਦੇ ਨਾਮ ਉੱਤੇ ਮਜ਼ਬੂਤ ਕੇਂਦਰ ਦੇ ਪੱਖ ਵਿਚ ਭੁਗਤਦੀਆ ਆਈਆਂ ਹਨ ਪਰ ਹੁਣ ਸ਼੍ਰੋਮਣੀ ਅਕਾਲੀ ਦਲ ਵਰਗੀ ਘੱਟ ਗਿਣਤੀ ਨਾਲ ਸਬੰਧਿਤ ਪਾਰਟੀ ਨੇ ਬਹੁਗਿਣਤੀਵਾਦ ਦੇ ਪੱਖ ਵਿਚ ਹਥਿਆਰ ਸੁੱਟ ਦਿੱਤੇ ਹਨ। ਦਿੱਲੀ ਲਈ ਪੂਰੇ ਰਾਜ ਦਾ ਦਰਜਾ ਮੰਗ ਰਹੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਵੱਲੋਂ ਸਰਕਾਰ ਦੀ ਹਮਾਇਤ ਸਿਆਸੀ ਇਖ਼ਲਾਕ ਨੂੰ ਤਾਕ ਉੱਤੇ ਰੱਖਣ ਵਾਂਗ ਹੈ। ਬੀਜੂ ਜਨਤਾ ਦਲ, ਏਆਈਏਡੀਐਮਕੇ, ਵਾਈਐਸਆਰ ਰੈਡੀ ਦੀ ਪਾਰਟੀ ਸਮੇਤ ਬਹੁਤ ਸਾਰੀਆਂ ਖੇਤਰੀ ਪਾਰਟੀਆਂ ਕੇਂਦਰੀਕਰਨ ਦੀ ਇਸ ਵਿਉਂਤਬੰਦੀ ਦਾ ਹਿੱਸਾ ਬਣ ਰਹੀਆਂ ਹਨ। ਰਾਜ ਸਭਾ ਵਿਚ ਅੱਜ ਵੀ ਭਾਜਪਾ ਦੀ ਬਹੁਮੱਤ ਨਹੀਂ ਹੈ। ਵਿਰੋਧੀ ਧਿਰ ਅਜਿਹੇ ਮੁੱਦਿਆਂ ਤੇ ਵਿਰੋਧ ਤਾਂ ਕਰਦੀ ਹੈ ਪਰ ਵੋਟਾਂ ਵਿਚ ਨਾ ਹਰਾਉਣ ਲਈ ਸੰਜੀਦਾ ਨਹੀਂ ਹੁੰਦੀ। ਅਜਿਹਾ ਸਿਲਸਿਲਾ ਕਿੰਨੀ ਦੇਰ ਚੱਲੇਗਾ?

ਇਸ ਵਕਤ ਮੁਲਕ ਬਹੁਤ ਨਾਜ਼ੁਕ ਦੌਰ ਵਿਚੋਂ ਗੁਜ਼ਰ ਰਿਹਾ ਹੈ। ਭਾਰਤੀ ਜਨਤਾ ਪਾਰਟੀ ਆਪਣੀ ਹਿੰਦੂ ਰਾਸ਼ਟਰ ਵਾਲੀ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਿਨਾਉਣ ਦੀ ਤਿਆਰੀ ਵਿਚ ਦਿਖਾਈ ਦਿੰਦੀ ਹੈ। ਇਸੇ ਲਈ ਇਕ ਮੁਲਕ ਇਕ ਚੋਣ ਵਰਗੇ ਨਾਅਰੇ ਆ ਰਹੇ ਹਨ ਅਤੇ ਬਹੁਤੇ ਲੋਕ ਇਸ ਨੂੰ ਕੇਵਲ ਪੈਸੇ ਦੀ ਬੱਚਤ ਤੱਕ ਸੀਮਤ ਕਰਕੇ ਇਸ ਦੇ ਕਾਇਲ ਹੋ ਰਹੇ ਹਨ। ਘੱਟ ਗਿਣਤੀਆਂ, ਦਲਿਤਾਂ ਅਤੇ ਕਬਾਇਲੀਆਂ ਲਈ ਆਉਣ ਵਾਲਾ ਸਮਾਂ ਹੋਰ ਵੀ ਭਾਰੀ ਪੈਣ ਵਾਲਾ ਹੋ ਸਕਦਾ ਹੈ। ਹੁਣ ਬੁਨਿਆਦੀ ਸੁਆਲ ਇਹ ਹੈ ਕਿ 37.5 ਫੀਸਦ ਵੋਟ ਲੈਣ ਵਾਲੀ ਕਿਸੇ ਸੱਤਾਧਾਰੀ ਪਾਰਟੀ ਨੂੰ ਮੁਲਕ ਦੇ ਬੁਨਿਆਦੀ ਸੰਵਿਧਾਨਕ ਢਾਂਚੇ ਨੂੰ ਬਦਲਣ ਅਤੇ ਲੋਕਾਂ ਦੇ ਜ਼ਿੰਦਗੀ ਮੌਤ ਦੇ ਮੁੱਦਿਆਂ ਬਾਰੇ ਫ਼ੈਸਲੇ ਲੈਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ? ਜਮਹੂਰੀਅਤ ਦਾ ਮਾਡਲ ਮੁਲਕ ਨੂੰ ਸਹੀ ਰੂਪ ਵਿਚ ਸੰਘੀ ਢਾਂਚੇ ਵਿਚ ਮੁੜ ਵਿਉਂਤਣ ਅਤੇ ਸੱਤਾ ਵਿਚ ਹਿੱਸੇਦਾਰੀ ਲਈ ਅਨੁਪਾਤਕ ਨੁਮਾਇੰਦਗੀ ਦੇ ਆਧਾਰ ਉੱਤੇ ਨੁਮਾਇੰਦਗੀ ਵੱਲ ਸੇਧਤ ਹੋਣਾ ਚਾਹੀਦਾ ਹੈ।

# ਕਿਤਾਬਾਂ ਦਾ ਜੀਵਨ ਵਿੱਚ ਮਹੱਤਵ

ਵਿਨੋਦ ਕੁਮਾਰ
91-97817-67475



ਆਧੁਨਿਕ ਯੁੱਗ ਤਕਨੀਕ ਦਾ ਯੁੱਗ ਹੈ। ਅੱਜ ਅਸੀਂ ਕਿਸ ਵੀ ਖੇਤਰ ਵਿੱਚ ਕੰਮ ਕਰ ਹਾਂ, ਪਰ ਬਿਨਾ ਕਿਸੇ ਤਕਨੀਕੀ ਉਪਕਰਨ ਦੇ ਅਸੀਂ ਆਪਣਾ ਕੋਈ ਵੀ ਕੰਮ ਸਹੀ ਅਤੇ ਸਮੇਂ ਸਿਰ ਮੁਕੰਮਲ ਨਹੀਂ ਕਰ ਪਾਵਾਂਗੇ। ਕਿਸੇ ਵੀ ਇਲਾਕੇ ਜਾਂ ਕਿਸੇ ਵੀ ਵਿਸ਼ੇ ਦੀ ਜਾਣਕਾਰੀ ਲਈ ਸਾਡੇ ਕੋਲ ਇੰਟਰਨੈਟ ਦੀ ਸੁਵਿਧਾ ਉਪਲੱਬਧ ਹੈ। ਅੱਜ ਦੀ ਨਵੀਂ ਪੀੜੀ ਤਾਂ ਆਪਣਾ ਜ਼ਿਆਦਾਤਰ ਸਮਾਂ ਫੇਸਬੁੱਕ, ਵਹਟਸੱਪ, ਇੰਸਟਾਗ੍ਰਾਮ ਆਦਿ ਸੋਸ਼ਲ ਸਾਈਟਾਂ ਤੇ ਹੀ ਬਤੀਤ ਕਰਦੀ ਹੈ। ਉਹ ਸਮਾਂ ਹੁਣ ਖਤਮ ਹੁੰਦਾ ਜਾ ਰਿਹਾ ਹੈ, ਜਦੋਂ ਹਰ ਪੜਿਆ-ਲਿਖਿਆ ਮਨੁੱਖ ਆਪਣੇ ਘਰ ਵਿੱਚ ਕਿਤਾਬਾਂ ਲਈ ਅਲੱਗ ਤੋਂ ਲਾਇਬ੍ਰੇਰੀ ਬਣਾ ਕੇ ਰੱਖਦਾ ਸੀ। ਕਿਤਾਬਾਂ ਗਿਆਨ ਨੂੰ ਸੰਜੋ ਕੇ ਰੱਖਣ ਦਾ ਬਹੁਤ ਵਧੀਆ ਸਾਧਨ ਹਨ। ਜਿਹੜੀ ਗੱਲ ਕਿਸੇ ਕਿਤਾਬ ਵਿੱਚ ਅਸੀਂ ਪੜ੍ਹ ਲਈ, ਉਹ ਜ਼ਿੰਦਗੀ ਭਰ ਸਾਨੂੰ ਯਾਦ ਰਹਿੰਦੀ ਹੈ। ਜੇਕਰ ਕਿਤੇ ਭੁੱਲ ਵੀ ਜਾਈਏ , ਤਾਂ ਝੱਟ ਉਹ ਕਿਤਾਬ ਖੋਲੀ ਅਤੇ ਝੱਟ ਹੀ ਉਸਨੂੰ ਦੁਬਾਰਾ ਪੜ੍ਹ ਕੇ ਫੇਰ ਯਾਦ ਕਰ ਲਿਆ। ਕਿਤਾਬਾਂ ਪੜ੍ਹਨ ਦੇ ਸਾਨੂੰ ਬਹੁਤ ਲਾਭ ਹਨ । ਕਿਤਾਬਾਂ ਪੜ੍ਹਨ ਦਾ ਸਭ ਤੋਂ ਪਹਿਲਾ ਵੱਡਾ ਲਾਭ ਇਹ ਹੈ ਕਿ ਇਸ ਨਾਲ ਅਸੀਂ ਮਾਨਸਿਕ ਤੌਰ ਤੇ ਮਜ਼ਬੂਤ ਹੁੰਦੇ ਹਾਂ । ਜਦੋਂ ਦਿਮਾਗ ਹਰਕਤ ਵਿੱਚ ਰਹਿੰਦਾ ਹੈ, ਤਾਂ ਇਸ ਨਾਲ ਦਿਮਾਗ ਦੀਆਂ ਨਾੜਾਂ ਮਜ਼ਬੂਤ ਹੁੰਦੀਆਂ ਹਨ। ਕਿਤਾਬਾਂ ਪੜ੍ਹਨ ਨਾਲ ਦਿਮਾਗ ਜਿੱਥੇ ਸਹੀ ਹਰਕਤ ਵਿੱਚ ਰਹਿੰਦਾ ਹੈ, ਦੂਜੇ ਪਾਸੇ ਇਸ ਦੀ ਆਪਣੀ ਸ਼ਕਤੀ ਬਣੀ ਰਹਿੰਦੀ ਹੈ। ਹਰ ਇੱਕ ਕਿਤਾਬ ਸਾਨੂੰ ਕੁੱਝ ਨਾ ਕੁੱਝ ਸਿੱਖਣ ਨੂੰ ਜ਼ਰੂਰ ਦਿੰਦੀ ਹੈ । ਜਦੋਂ ਅਸੀ ਕੋਈ ਕਿਤਾਬ ਪੜਦੇ ਹਾਂ, ਤਾਂ ਇਸ ਨਾਲ ਸਾਨੂੰ ਕਈ ਨਵੀਆਂ ਗੱਲਾਂ ਪਤਾ ਲਗਦੀਆਂ ਹਨ, ਜਿਸ ਨਾਲ ਸਾਡੇ ਗਿਆਨ ਦਾ ਭੰਡਾਰ ਵੱਧਦਾ ਹੈ। ਇਸ ਨਾਲ ਤੁਸੀਂ ਉਹ ਕੁੱਝ ਪ੍ਰਾਪਤ ਕਰ ਪਾਉਂਦੇ ਹਾਂ, ਜੋ ਕਈਆਂ ਦੇ ਹੱਥ ਵਿੱਚ ਨਹੀਂ ਹੁੰਦਾ। ਤੁਸੀਂ ਕਈ ਬੁਰੇ ਅਤੇ ਮੁਸ਼ਕਿਲ ਹਾਲਾਤਾਂ ਦਾ ਮੁਕਾਬਲਾ ਕਰਨ ਦੇ ਲਾਇਕ ਬਣ ਪਾਉਂਦੇ ਹੋ। ਤੁਹਾਡੇ ਕੋਲੋਂ ਕੋਈ ਮਨੁੱਖ ਤੁਹਾਡੀ ਸੰਪਤੀ ਖੋਹ ਸਕਦਾ ਹੈ, ਪਰ ਕਿਤਾਬਾਂ ਤੋਂ ਪ੍ਰਾਪਤ ਇਸ ਗਿਆਨ ਨੂੰ ਨਹੀਂ । ਜਿਨ੍ਹਾ ਜ਼ਿਆਦਾ ਕਿਤਾਬਾਂ ਨੂੰ ਅਸੀਂ ਪੜਾਂਗੇ, ਉਨ੍ਹਾਂ ਹੀ ਸਾਡਾ ਉਸ ਕਿਤਾਬ ਦੀ ਭਾਸ਼ਾ ਦੇ ਸ਼ਬਦਾਂ ਦਾ ਗਿਆਨ ਵਧੇਗਾ, ਜਿਸ ਨਾਲ ਅਸੀਂ ਉਸ ਭਾਸ਼ਾ ਵਿੱਚ ਮੁਹਾਰਤ ਹਾਸਿਲ ਕਰ ਸਕਾਂਗੇ। ਇਹੀ ਭਾਸ਼ਾ ਦਾ ਗਿਆਨ ਤੁਹਾਨੂੰ ਤੁਹਾਡੇ ਕਿੱਤੇ ਵਿੱਚ ਕੁਸ਼ਲਤਾ ਅਤੇ ਹੌਸਲਾ ਦਵੇਗਾ। ਕਿਸੇ ਕਿਤਾਬ ਨੂੰ ਜਦੋਂ ਤੁਸੀਂ ਪੜਦੇ ਹੋ ਤਾਂ ਤੁਸੀਂ ਕਿਸੇ ਹੋਰ ਹੀ ਦੁਨੀਆ ਵਿੱਚ ਹੁੰਦੇ ਹੋ। ਤੁਹਾਡੀ ਚਿੰਤਾ , ਤਨਾਵ ਅਤੇ ਦੁੱਖਾਂ ਨਾਲ ਭਰੀ ਜ਼ਿੰਦਗੀ ਤੋਂ ਤੁਸੀਂ ਦੂਰ ਹੋ ਜਾਂਦੇ ਹੋ। ਜੇਕਰ ਤੁਹਾਡੀ ਜ਼ਿੰਦਗੀ ਤਕਲੀਫ਼ਾਂ, ਦੁੱਖਾਂ ਆਦਿ ਨਾਲ ਭਰੀ ਹੈ, ਤਾਂ ਤੁਹਾਨੂੰ ਕਿਤਾਬਾਂ ਨਾਲ ਪੱਕੀ ਮਿੱਤਰਤਾ ਕਰ ਲੈਣੀ ਚਾਹੀਦੀ ਹੈ । ਇਸ ਉਦੇਸ਼ ਲਈ ਵਧੀਆ ਨਾਵਲਾਂ ਨੂੰ ਮਹੱਤਤਾ ਦਿੱਤੀ ਜਾ ਸਕਦੀ ਹੈ। ਕਿਸੇ ਕਿਤਾਬ ਨੂੰ ਪੜ੍ਹ ਕੇ ਜਦੋਂ ਤੁਸੀਂ ਕਿਸੇ ਦ੍ਰਿਸ਼ ਦੀ ਆਪਣੇ ਦਿਮਾਗ ਵਿੱਚ ਕਲਪਨਾ ਕਰਦੇ ਹੋ, ਤਾਂ ਇਸ ਨਾਲ ਤੁਹਾਡੀ ਯਾਦ ਸ਼ਕਤੀ ਦਾ ਵਿਕਾਸ ਹੁੰਦਾ ਹੈ। ਜਦੋਂ ਤੁਸੀਂ ਕਿਸੇ ਰਹੱਸਮਈ ਨਾਵਲ ਜਾਂ ਕਹਾਣੀ ਨੂੰ ਪੜਦੇ ਹੋ ਅਤੇ ਉਸ ਰਹੱਸਮਈ ਘਟਨਾ ਨੂੰ ਹੱਲ ਕਰ ਪਾਉਂਦੇ ਹੋ, ਤਾਂ ਸਹੀ ਸ਼ਬਦਾਂ ਵਿੱਚ ਤੁਸੀਂ ਆਪਣੇ ਤੁਲਨਾਤਮਕ ਅਤੇ ਆਲੋਚਨਾਤਮਕ ਦ੍ਰਿਸ਼ਟੀਕੋਣ ਦਾ ਵਿਕਾਸ ਕਰ ਰਹੇ ਹੁੰਦੇ ਹੋ। ਇਹ ਵਿਕਸਿਤ ਦ੍ਰਿਸ਼ਟੀਕੋਣ ਤੁਹਾਨੂੰ ਤੁਹਾਡੀਆਂ ਸੱਮਸਿਆਵਾਂ ਤੋਂ ਨਿਜਾਤ ਦਿਵਾਉਣ ਵਿੱਚ ਬਹੁਤ ਮਦਦ ਕਰਦਾ ਹੈ। ਕਿਤਾਬ ਨੂੰ ਪੜ੍ਹਨ ਨਾਲ ਤੁਸੀਂ ਆਪਣੇ ਦਿਮਾਗ ਨੂੰ ਕਿਸੇ ਵਿਸ਼ੇ ਤੇ ਕੇਂਦਰਿਤ ਕਰਨਾ ਵੀ ਸਿਖਦੇ ਹੋ। ਵਹਟਸੱਪ , ਫੇਸਬੁੱਕ ਆਦਿ ਸੋਸ਼ਲ ਸਾਈਟਾਂ ਨੇ ਮਨੁੱਖ ਦੀ ਸੋਚ ਸ਼ਕਤੀ ਨੂੰ ਵੰਡਿਆ ਹੈ, ਜਿਸ ਕਾਰਨ ਉਹ ਸਹੀ ਤਰੀਕੇ ਨਾਲ ਕਿਸੇ ਵੀ ਇੱਕ ਵਿਸ਼ੇ ਤੇ ਸਹੀ ਦ੍ਰਿਸ਼ਟੀਕੋਣ ਨਹੀਂ ਬਣਾ ਪਾਉਂਦਾ। ਜੇਕਰ ਤੁਸੀਂ ਕਿਸੇ ਕਿਤਾਬ ਨੂੰ ਪੜ੍ਹਦੇ ਹੋ, ਤਾਂ ਤੁਸੀਂ ਉਸ ਕਹਾਣੀ ਤੇ ਆਪਣੇ ਦਿਮਾਗ ਨੂੰ ਕੇਂਦਰਿਤ ਅਤੇ ਇਕਾਗਰ ਕਰਦੇ ਹੋ, ਜੋ ਉਸ ਕਿਤਾਬ ਵਿੱਚ ਲਿਖੀ ਹੁੰਦੀ ਹੈ। ਸਵੇਰ ਦੇ ਸਮੇਂ ਪੰਦਰਾਂ ਤੋਂ ਵੀਹ ਮਿੰਟ ਕਿਤਾਬ ਪੜ੍ਹਨ ਦੀ ਆਦਤ ਤੁਹਾਨੂੰ ਤੁਹਾਡੇ ਦਫ਼ਤਰੀ ਕੰਮ ਵਿੱਚ ਆਪਣੇ ਆਪ ਨੂੰ ਕੇਂਦਰਿਤ ਕਰਨ ਵਿੱਚ ਮਦਦ ਕਰ ਸਕਦੀ ਹੈ। ਇਸ ਲਈ ਤੁਸੀਂ ਆਪਣੇ ਉੱਤੇ ਇਹ ਪ੍ਰਯੋਗ ਵੀ ਕਰ ਕੇ ਦੇਖ ਸਕਦੇ ਹੋ। ਯਕੀਨ ਮੰਨਣਾ ਤੁਸੀਂ ਸਫਲ ਹੋਵੋਗੇ। ਕਿਤਾਬ ਪੜ੍ਹਨ ਦੀ ਆਦਤ ਤੁਹਾਨੂੰ ਇੱਕ ਚੰਗਾ ਲੇਖਕ ਵੀ ਬਣਾ ਸਕਦੀ ਹੈ। ਕਿਸੇ ਕਿਤਾਬ ਨੂੰ ਪੜ੍ਹ ਕੇ ਤੁਸੀਂ ਆਪਣੇ ਨਵੇਂ ਵਿਚਾਰ ਪੁਸਤਕ ਦੇ ਰੂਪ ਵਿੱਚ ਲਿਖ ਸਕਦੇ ਹੋ ਅਤੇ ਇਸ ਤਰ੍ਹਾਂ ਕੀਤਾ ਗਿਆ ਕੰਮ ਤੁਹਾਨੂੰ ਇੱਕ ਵਧੀਆ ਲੇਖਕ ਬਣਾ ਸਕਦਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਜਦੋ ਕਿਸੇ ਮਨੁੱਖ ਨੇ ਕੇਵਲ ਇੱਕ ਕਿਤਾਬ ਲਿਖੀ ਅਤੇ ਇਤਿਹਾਸ ਵਿੱਚ ਉਹ ਮਸ਼ਹੂਰ ਹੋ ਗਿਆ। ਕਿਤਾਬਾਂ ਪੜ੍ਹਨ ਨਾਲ ਤੁਹਾਡੀ ਲਿਖਣ ਦੀ ਕੁਸ਼ਲਤਾ ਵੀ ਸੁਧਰਦੀ ਹੈ। ਕਈ ਵਿਸ਼ਿਆਂ ਬਾਰੇ ਅਸੀਂ ਦੁਚਿੱਤੀ ਵਿੱਚ ਹੁੰਦੇ ਹਾਂ। ਸਾਨੂੰ ਕਿਸੇ ਵਿਸ਼ੇ ਦਾ ਸਹੀ ਗਿਆਨ ਨਹੀਂ ਹੁੰਦਾ। ਉਸ ਵਿਸ਼ੇ ਦੀ ਕਿਤਾਬ ਨੂੰ ਪੜ੍ਹ ਕੇ ਅਸੀਂ ਮਾਨਸਿਕ ਤੌਰ ਤੇ ਸੰਤੁਸ਼ਟੀ ਅਤੇ ਸ਼ਾਂਤੀ ਪ੍ਰਾਪਤ ਕਰਦੇ ਹਾਂ। ਆਤਮਿਕ ਸ਼ਾਂਤੀ ਅੱਜ ਦੇ ਮਨੁੱਖ ਦੀ ਮੁਢਲੀ ਲੋੜ ਹੈ। ਮਾਨਸਿਕ ਤਨਾਵ ਨੂੰ ਦੂਰ ਕਰਨ ਦਾ ਕਿਤਾਬਾਂ ਚੰਗਾ ਸਾਧਨ ਹਨ। ਦੂਜੇ ਪਾਸੇ ਕਿਤਾਬਾਂ ਸਾਡਾ ਮਨੋਰੰਜਨ ਵੀ ਕਰਦੀਆਂ ਹਨ। ਖਾਲੀ ਸਮੇਂ ਨੂੰ ਬੁਰੇ ਪਾਸੇ ਜਾਂ ਵਿਅਰਥ ਗਵਾਉਣ ਨਾਲੋਂ ਕਿਤਾਬਾਂ ਵੱਲ ਲਾਉਣਾ, ਭਵਿੱਖ ਲਈ ਇੱਕ ਚੰਗਾ ਨਿਵੇਸ਼ ਸਿੱਧ ਹੋ ਸਕਦਾ ਹੈ। ਇੰਟਰਨੇਟ ਦੇ ਇਸ ਯੁੱਗ ਵਿੱਚ ਭਾਵੇਂ ਸਾਡੇ ਕੋਲ ਗਿਆਨ ਦੇ ਆਧੁਨਿਕ ਸਾਧਨ ਹਨ, ਪਰ ਕਿਤਾਬਾਂ ਦੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਇਸ ਮਹਾਨ ਖਜਾਨੇ ਨੂੰ ਸਾਂਭਣ ਦੀ ਲੋੜ ਹੈ।

# ਸਾਂਝੀਵਾਲਤਾ ਸਮੇਂ ਦੀ ਲੋੜ



ਹਰਦੀਪ ਸਿੰਘ ਚੁੰਬਰ
+91-94636-01616

ਪੰਜਾਬ ਨੂੰ "ਭਾਰਤ ਦੀ ਖਾਣੇ ਦੀਕਟੋਰੀ" ਕਿੱਹਾ ਜਾਂਦਾ ਹੈ। ਇਹ ਭਾਰਤ ਦੇ ਕਪਾਹ ਦੇ 10.26%, ਭਾਰਤ ਦੇ ਕਣਕ ਦੇ 19.5% ਅਤੇ ਭਾਰਤ ਦੇ ਚਾਵਲ ਦੇ 11% ਹਿੱਸੇ ਦਾ ਅਨਾਜ ਪੈਦਾ ਕਰਦਾ ਹੈ। ਫ਼ਿਰੋਜ਼ਪੁਰ ਅਤੇ ਫਾਜ਼ਿਲਕਾ ਜਿਲ੍ਹੇ ਰਾਜ ਵਿਚ ਕਣਕ ਅਤੇ ਚਾਵਲ ਦੇ ਸਭ ਤੋਂ ਵੱਡੇ ਉਤਪਾਦਕ ਹਨ। ਦੁਨੀਆ ਭਰ ਵਿੱਚ ਭਾਰਤੀ ਪੰਜਾਬ ਸੰਸਾਰ ਦੇ 2% ਕਪਾਹ, 2% ਕਣਕ ਅਤੇ 1% ਇਸਦੇ ਚੌਲ ਪੈਦਾ ਕਰਦਾ ਹੈ। ਸਭ ਤੋਂ ਵੱਧ ਕਾਸ਼ਤ ਵਾਲੀ ਕਣਕ ਦੀ ਫਸਲ ਹੈ ਹੋਰ ਮਹੱਤਵਪੂਰਨ ਫਸਲਾਂ ਚਾਵਲ, ਕਪਾਹ, ਗੰਨਾ, ਬਾਜਰੇ, ਮੱਕੀ, ਜੌਂ ਅਤੇ ਫ਼ਲ ਹਨ। ਚਾਵਲ ਅਤੇ ਕਣਕ ਨੂੰ ਪੰਜਾਬ ਵਿਚ ਦੁੱਗਣਾ ਕਰ ਦਿੱਤਾ ਗਿਆ ਹੈ। 1960 ਅਤੇ 1970 ਦੇ ਦਹਾਕੇ ਵਿੱਚ ਪੰਜਾਬ ਦੇ ਕਿਸਾਨਾਂ ਨੇ "ਗਰੀਨ ਰੈਵੋਲੂਸ਼ਨ" ਨਾਮਕ ਰਾਸ਼ਟਰੀ ਪ੍ਰੋਗਰਾਮ ਦੇ ਹਿੱਸੇ ਵਜੋਂ ਰਵਾਇਤੀ ਖੇਤੀ ਦੇ ਢੰਗਾਂ ਨੂੰ ਛੱਡ ਦਿੱਤਾ ਸੀ। ਉਹਨਾ ਐਮਰੀਕਾ ਅਤੇ ਦੂਜੇ ਦੇਸ਼ਾਂ ਦੇ ਸਲਾਹਕਾਰਾਂ ਦੀ ਸਹਾਇਤਾ ਲੈਣੀ ਸੂਰੂ ਕਰ ਦਿਤੀ ਸੀ। ਭਾਰਤੀ ਕਿਸਾਨਾਂ ਨੇ ਐਮਰੀਕਨ ਤਰੀਕੇ ਨਾਲ ਫ਼ਸਲਾਂ ਬੀਜਣ ਦੀ ਸ਼ੁਰੂਆਤ ਕਰਨੀ ਸ਼ੁਰੂ ਕਰ ਦਿੱਤੀ। ਜਿਸ ਵਿਚ ਕੈਮੀਕਲ ਖਾਦਾਂ, ਕੀਟ ਨਾਸ਼ਕ, ਉੱਚ ਉਪਜ ਵਾਲੇ ਬੀਜ ਅਤੇ ਸਿੰਚਾਈ ਸ਼ਾਮਲ ਸਨ।ਨਵੀਆਂ ਤਕਨੀਕਾਂ ਨੂੰ ਅਪਣਾ ਕੇ ਪੰਜਾਬ ਨੇ ਭਾਰਤ ਦੇ ਅਨਾਜ ਦੇ ਭੰਡਾਰ ਭਰ ਦਿਤੇ।

### ਪੂਰਾਣੇ ਸਾਧਨਾਂ ਨਾਲ ਹਰੀ ਕ੍ਰਾਂਤੀ

ਉਸ ਸਮੇਂ 70-80 ਦਿਆਂ ਦਹਾਕਿਆਂ ਦੌਰਾਨ ਖੇਤੀਬਾੜੀ ਦਾ ਮਸੀਨੀਕਰਨ ਨਹੀਂ ਹੋਇਆ ਸੀ। ਇਸ ਇਨਕਲਾਬੀ ਕੰਮ ਨੂੰ ਉਹਨਾਂ ਹੀ ਪੂਰਾਂਣੇ ਖੇਤੀ ਔਜਾਰਾਂ, ਹ਼ਲਾਂ, ਬੈਲਾਂ ਅਤੇ ਗੱਡਿਆਂ, ਪੰਜਾਬੀ ਮਜਦੂਰਾਂ, ਸ਼ੀਰੀਆਂ, ਸਾਂਝੀਆਂ ਦੇ ਸਹਾਇਤਾ ਨਾਲ ਕੀਤਾ। ਇਸ ਨਾਲ ਕਈ ਲਾਭ ਹੋਏ, ਪਹਿਲਾ ਪੁਰਾਣੇ ਸਾਧਨ ਅਤੇ ਔਜਾਰ ਵਰਤਣ ਨਾਲ ਕੋਈ ਵਾਧੂ ਆਰਥਿਕ ਭਾਰ ਨਹੀ ਸਹਿਣਾ ਪਿਆ, ਦੂੱਜੇ ਪੰਜਾਬ ਦੇ ਖੇਤੀ ਮਜ਼ਦੂਰਾਂ ਨੂੰ ਕੰਮ ਮਿਲਿਆ। ਇਸ ਕਿਸਾਨ ਮਜ਼ਦੂਰ ਦੀ ਆਪਸੀ ਲੋੜ ਨਾਲ ਸਮਾਜਿਕ ਰਿਸਤਿਆਂ ਦੇ ਵਿਚ ਸੁਧਾਰ ਹੋਇਆ।ਇਸ ਇਨਕਲਾਬ ਦਾ ਸ਼ਿਹਰਾ ਪੰਜਾਬ ਦੇ ਕਿਸਾਨਾਂ ਮਜਦੂਰਾਂਨੂੰ ਹੀ ਜਾਂਦਾ ਹੈ। ਇਹ ਸਮੁੱਚੇ ਪੰਜਾਬੀਆਂ ਦਾ ਹੰਭਲਾ ਸੀ।

### ਅਧੂਨਕੀ ਕਰਨ ਦੇ ਪ੍ਰਭਾਵ

ਸਮਾਂ ਬਦਲਿਆ, ਸਾਰੇ ਪਾਸੇ ਤੇਜੀ ਆਈ, ਵਪਾਰ ਵਧਿਆ, ਕਮਾਈਆਂ ਵਧੀਆਂ, ਅਬਾਦੀ ਵਧੀ, ਜਮੀਨ ਵੱਡੇ ਰਕਬਿਆਂ ਦੇ ਟੁੱਕੜੇ ਛੋਟੇ ਛੋਟੇ ਹੋਏ, ਖੇਤੀ ਵਿਚ ਮਸ਼ੀਨੀ-ਕਰਨ ਵਧਿਆ, ਖੇਤੀ ਵਿਚ ਮਜ਼ਦੂਰਾਂ ਦੀ ਨਿਰਭਰਤਾ ਘਟੀ, ਪੈਦਾਵਾਰ ਦੀ ਲਾਗਤ ਵਧੀ,ਜਮੀਨਾਂ ਦੀ ਕਰਦ ਵਧੀ, ਸ਼ਾਮਲਾਟ ਜਮੀਨਾਂ ਉਤੇ ਕਬਜੇ ਵਧੇ। ਜਿਸ ਦੀ ਵੀ ਸਰਕਾਰ ਆਈ ਉਸੇ ਦੇ ਰਸੂਖਦਾਰਾਂ ਨੇ ਕਬਜੇ ਕੀਤੇ। ਸ਼ਾਮਲਾਟਾਂ ਉਤੇ ਕਬਜੇ ਦੇ ਮਾਮਲੇ ਵਿਚ ਸਾਰੇ ਸਿਆਸੀ ਦਲ, ਖੇਤੀਬਾੜੀ ਕਰਨ ਵਾਲੀਆਂ ਕੁੱਝਜਾਤੀਆਂਬਰਾਬਰ ਭਾਈਵਾਲ ਹਨ। ਪੰਜਾਬ ਦੇ ਤਾਕਤਵਰ ਸਿਆਸੀ ਦਲਾਂ ਵਿੱਚੋਂਕਰੀਬ 95% ਕਿਸਾਨਾਂ ਅਤੇ ਖਾਸ ਅਖੌਤੀ ਉੱਚ ਦੀਆਂ ਪ੍ਰਧਾਨਗੀਆਂ ਥੱਲੇ ਚੱਲ ਰਹੇ ਹਨ। ਜੇਕਰ ਸੰਸਾਧਨਪ੍ਰਸਤ ਅਦਾਰਿਆਂ, ਗੁਰੂਦਵਾਰਿਆਂ, ਡੇਰਿਆਂ ਦੀ ਗਲ ਕਰੀਏ ਉਹਨਾਂਵਿਚ ਵੀ ਇਹਨਾਂ ਦਾ ਕਬਜਾ ਹਨ।ਇਹ ਇੱਕ ਦੂਜੇ ਦਾ ਵਿਰੋਧ ਵੀ ਕਰਦੇ ਹਨ। ਇਹ ਸੰਗਠਨਾਂ ਨੇਸੰਸਾਧਨਾਂ ਅਤੇ ਜਮੀਨੀ ਮਾਮਲਿਆਂ ਵਿਚ ਬਾਹਰੀ ਜਾਂ ਅੰਦਰੂਨੀ ਤੌਰ ਸਹਾਇਤਾ ਕਰ,ਚੁੱਪਵੱਟ ਕੇ,ਬਹੁਤੀ ਵਾਰਇਕ ਹੋਣ ਦੇ ਸਬੂਤ ਦਿੱਤੇ ਹਨ। ਇਸੇ ਲਈ ਵਿਰੋਧ ਕਰਨ ਵਾਲਿਆਂ ਨੂੰ ਚਿੱਤ ਕਰਦੇ ਆ ਰਹੇ ਹਨ। ਬੇਸ਼ਕ ਇਹ 1-2% ਲੋਕਾਂ ਉਤੇ ਕਦੀ ਵੀ ਲਾਗੂ ਨਹੀਂ ਹੁੰਦੀ, ਪਰ ਉਹਨਾਂ ਦਾ ਕਿਸੇ ਵੀ ਤਰਾਂ ਨਾਲ ਉਹਨਾਂ ਮਸਲਿਆਂ ਨੂੰ ਹੱਲ ਕਰਨ ਦਾ ਦਮ ਨਹੀਂ ਹੁੰਦਾ।

ਮਸ਼ੀਨੀ ਕਰਨ ਹੋਂਣ ਨਾਲ ਖੇਤੀ ਲਈ ਖੇਤ ਮਜਦੂਰਾਂ ਦੀ ਲੋੜ ਘਟੀ। ਬੇਕਾਰ ਹੋਇਆ ਖੇਤ ਮਜ਼ਦੂਰ ਰੁਜ਼ਗਾਰ ਦੇ ਨਵੇਂ ਰਾਹ ਤਲਾਸਣ ਲਗਾ। ਲੋੜ ਖਤਮ ਹੋਣ ਨਾਲ ਹੀਭਾਈਚਾਰਕ ਸਾਂਝਾਂ ਘਟੀਆਂ।ਬਹੁਤ ਸਾਰੇ ਪਿੰਡਾਂ ਵਿੱਚ ਸਾਂਝੀਆਂ ਸ਼ਾਮਲਾਟ ਜਮੀਨਾਂ ਹੁਣ ਵੀ ਹਨ ਜੋ ਹਰ ਸਾਲ ਸਰਕ-ਾਰੀ ਤੌਰ ਤੇ ਖੇਤੀਬਾੜੀ ਲਈਠੇਕੇ ਉਤੇ ਦਿਤੀ ਜਾਂਦੀ ਹੈ।ਇਹ ਸ਼ਾਮਲਾਟ ਜਮੀਨਾਂ ਵਿਚੋ ਵਿਹੜੇ ਵਾਲੇ ਖੇਤ ਮਜ਼ਦੂਰ ਵਿਚ ਬਣਦਾ ਲੈਣ ਲਈ ਗਲ ਚੱਲੀ। ਇਹਨਾ ਸ਼ਾਮਲਾਟਾਂ ਉਤੇਪਿੰਡਾਂ ਦੇ ਖਾਸ ਅਖੌਤੀ ਉੱਚ ਦਾ ਸਿੱਧੇ ਜਾਂ ਅਸਿੱਧੇ(ਫਰੋਣੇ)ਢੰਗ ਨਾਲ ਕਬਜਾ ਹੈ। ਬੇਰੁਜ਼ਗਾਰ ਹੋਏ ਖੇਤ ਮਜ਼ਦੂਰਾਂ ਵਿੱਚ ਬਣਦੇ ਹਿੱਸੇ ਅਨੂਸਾਰ ਜਮੀਨ ਪ੍ਰਾਪਤੀ ਲਈ ਸਮਾਜ ਵਿਚ ਜਾਗਰਿਤੀ ਆਈ ਹੈ।ਕਾਬਜ ਲੋਕਾਂ ਦਾ ਕਿਸੇ ਵੀ ਢੰਗ ਨਾਲ ਕਾਬਜ ਬਣੇ ਰਹਿਣ ਦੇ ਲਾਲਚ ਕਾਰਨ ਝਗੜੇ ਹੋਣੇ ਸੂਰੂ ਹੋਏ ਹਨ। ਇਹ ਝਗੜੇ ਖੇਤੀ ਮਜਦੂਰਾਂ ਅਤੇ ਕਿਸਾਨਾਂ ਵਿਚ ਹੀ ਹੁੰਦੇ ਹਨ। ਮਜਦੂਰ ਪੱਖ ਤੋਂ ਲਗਭਗ ਵਿਹੜੇ ਵਾਲੇ ਅਛੂੱਤ ਜਾਤੀ ਆਦਿ ਅਤੇ ਦੂੱਜੇ ਕਿਸਾਨ ਪੱਖ ਤੋਂ ਖਾਸ ਅਖੌਤੀ ਉੱਚ ਜਾਤੀ ਦੇ ਲੋਕ ਹੀ ਝਗੜੇ ਵਿਚ ਸਾਮਲ ਹੁੰਦੇ ਹਨ।ਸਿਆਸੀ, ਆਰਥਿਕ ਅਤੇ ਸਮਾਜਿਕ ਤੌਰ ਉਤੇ ਤਾਕਤਵਰ ਇਸ ਵਿਚ ਜਿੱਤਦੇ ਆਏ ਹਨ। ਮਨੁੱਸ ਦੀ ਜਾਤ ਏਕ, ਸਰਬੱਤ ਦਾ ਭਲਾ ਅਤੇ ਵੰਡ ਕੇ ਸ਼ਕੋ ਸਿਰਫ ਸ਼ਬਦਾਂ ਨੂੰ ਉਚਾਰਨ ਤਕ ਹੀ ਸੀਮਤ ਰਹਿੰਦੀ ਨਜਰ ਆਉਂਦਾ ਨਜ਼ਰ ਰਹਿੰਦਾ ਹੈ। ਬਾਬਿਆਂ ਦੇ ਫਲਸਫੇ ਇੱਕ ਤਰਫ ਰੱਖ, ਆਰਥਿਕ ਵਸੀਲਿਆਂ ਦੇ ਕਬਜੇ ਨੂੰ ਲੈਕੇ ਸਾਰੇ ਸਾਧਨ ਵਰਤੇ ਜਾਂਦੇ ਹਨ। ਇਹਨਾਂ ਝਗੜੇ ਵਿਚ ਕਮਜੋਰਾਂ ਦੀ ਹਮੇਸ਼ਾਂ ਹਾਰ ਅਤੇ ਤਾਕਤਵਰਾਂ ਦੀ ਜਿੱਤ ਹੋਈ ਹੈ। ਕਮਜੋਰ ਪੱਖ ਇਨਸਾਫ ਲੈਣ ਤੋਂ ਬੇਵਸ ਸਮਝੌਤੇ ਕਰਨ ਲਈ ਮਜਬੂਰ ਹੁੰਦਾ ਹੈ। ਕਰੀਬ 90% ਸਮਝੌਤੇ ਇਨਸਾਫ ਨਹੀਂ ਹੁੰਦੇ, ਕਮਜੋਰ ਅਤੇ ਮਜਬੂਰ ਪੱਖ ਦਾ ਹਾਲਾਤ ਨੂੰ ਸਮਰਪਣ ਹੁੰਦਾ ਹੈ।

### ਹੱਕ ਨਾਲੋ ਵੱਧ ਸਵੀਕਾਰ ਕਰਨਾ ਗਲਤ ਪ੍ਰਵਿਰਤੀ

ਜੇ ਕਰ ਕੁਦਰਤੀ ਨਿਆਮਤਾਂ ਅਤੇ ਆਫਤਾਂ ਨੂੰ ਛੱਡ ਕੇ ਗਲ ਕਰੀਏ, ਤਾਂ ਇਨਸ਼ਾਨ ਮਾਨਤਾ ਸਵੀਕਾਰਤ ਗਾਇਬੀ ਸ਼ਕਤੀ ਦਾ ਅਸਤਿਤਵ ਹਜਾਰਾਂ ਸਾਲਾਂ ਤੋਂ ਨਾਇਨਸਾਫੀ ਦੀ ਇਹ ਖੇਢ ਚੁੱਪ ਚਾਪ ਦੇਖਦਾ ਆ ਰਿਹਾ ਹੈ। ਜੇਤੂ ਪੱਖ ਦੀ ਗਲ ਕਰੀਏ ਤਾਂ ਇਹ ਭਾਰਤ ਹੀ ਨਹੀ ਬਹੁਤ ਸਾਰੇ ਦੇਸ਼ਾਂ ਵਿਚ ਬਣਦੇ ਹੱਕ ਨਾਲੋ ਵੱਧ ਪ੍ਰਾਪਤ ਹੋਈ ਨੂੰ ਗਾਇਬੀ ਸ਼ਕਤੀ ਦਾ ਪ੍ਰਸ਼ਾਦ (God Gift) ਮੰਨ ਸਵਿਕਾਰ ਕਰ ਲਿਆ ਜਾਂਦਾ ਹੈ। ਗਾਇਬੀ ਸ਼ਕਤੀ ਨੂੰ ਚੜਾਵੇ ਜਾਂ ਉਸ ਦੇ ਨਾਂ ਦਾਨ ਦੇ ਰੂਪ ਵਿੱਚ ਖਰਚ ਕਰ ਉਸ ਨੂੰ ਖੁਸ਼ ਰਖਣ ਅਤੇ ਭਵਿੱਖ ਵਿਚ ਹੋਰ ਦੇਣ ਲਈ, ਗਾਇਬੀ ਸ਼ਕਤੀ ਬੇਹੱਕਾ ਪ੍ਰਸ਼ਾਦ ਖਾ, ਬੇਹੱਕੇ ਧਨ ਨੂੰ ਪ੍ਰਸ਼ਾਦ ਨੂੰ ਖਾਣ ਵਾਲਿਆਂ ਉਤੇ ਕ੍ਰਿਪਾ ਬਣਾਏ ਰਖਣ ਦੀਆਂ ਬੇਨਤੀਆਂ ਕੀਤੀਆਂ ਜਾਂਦੀਆਂ ਹਨ। ਇਹਗਾਇਬੀ ਸ਼ਕਤੀ ਅਧਾਰਤ ਸਿਸਟਮ ਕਾਰੋਬਾਰ ਦੀ ਤਰਾਂ ਵਧ ਫੁੱਲ ਰਿਹਾ ਹੈ ਜਿਸ ਵਿਚ ਘਾਟੇ ਦਾ ਨਾਂ ਹੀ ਨਹੀਂ ਹੁੰਦਾ। ਇਸ ਵਿੱਚ ਲਾਇਆ ਧਨ ਇਸ ਦੇ ਕਾਰੋਬਾਰ ਵਿਚ ਹੋਰ ਵਧਾ ਕਰਦਾ ਹੈ।



ਦੂਜੇ ਹਾਰਨ ਅਤੇ ਲੁੱਟੇ ਜਾਣ ਵਾਲੇ ਪੱਖ ਲਈ ਗਾਇਬੀ ਸ਼ਕਤੀ,ਭਵਿੱਖ ਵਿਚ ਹੱਕ ਮਿਲਣ ਦੀ ਉਮੀਦ ਬਣਾਏ ਰਖਣ ਦਾ ਸਾਧਨ, ਸ਼ਬਰ ਕਰਨ, ਨੁਕਸਾਨ ਵਿਚ ਰਹਿਣ ਦੇ ਦੁੱਖ ਦਰਦਨੂੰ ਟਿਕਾਉਣ, ਸਮਾਜਿਕ ਟਕਰਾਉ ਨੂੰ ਟਾਲਣ ਵਰਗੇ ਕਈ ਕੰਮ ਕਰਦੀ ਆ ਰਹੀ ਹੈ।

ਇਸ ਤਰਾਂ ਨਾਲ ਬਹੁਤ ਪੁਰਾਣੇ ਸਮਿਆਂ ਤੋਂ ਇਹ ਗਾਇਬੀ ਸ਼ਕਤੀ ਰਾਜ ਪ੍ਰਬੰਧ ਦੇ ਕੰਮ ਵਿੱਚ ਸ਼ਾਂਤੀ ਬਣਾਕੇ ਰੱਖਣ ਅਤੇ ਰਾਜ ਕਰਨ ਦੇ ਸਮੇ ਨੂੰ ਹੋਰ ਲੰਮੇ ਸਮੇ ਤਕ ਚਲਦਾ ਰਖਣ ਵਿਚ ਸਹਾਇਕ ਸਾਧਨ ਵਜੋਂ ਸਾਬਤ ਹੁੰਦੀ ਨਜਰ ਆਉਂਦੀ ਰਹੀ ਹੈ। ਕੁੱਝ ਨੂੰ ਛੱਡ ਬਾਕੀ ਸਾਰਿਆਂ ਦੀ ਸੋਚ ਜਿਵੇਂਮਨੁੱਸ ਦੀ ਜਾਤ ਇਕ, ਸਰਬੱਤ ਦਾ ਭਲਾ ਅਤੇ ਵੰਡ ਕੇ ਸ਼ਕੋ ਸਿਰਫ ਸ਼ਬਦਾਂ ਨੂੰ ਉਚਾਰਨਹੁੰਦੇ ਹਨ, ਇਸ ਤੋਂ ਅਗੇ ਵਧਕੇ ਇਸ ਨੂੰ ਸਾਹਕਾਰ ਕਰਨ ਹੁਣ ਸਮੇ ਦੀ ਲੋੜ ਹੈ।

### ਗੁਰੂਘਰ ਸਾਂਝੀਵਾਲਤਾ ਵਧਾਉਣ ਲਈ ਹੀ ਵਰਤੋ

ਗੁਰੂਬਾਣੀ ਅਤੇ ਗੁਰੂਘਰਾਂ ਦੇ ਸਪੀਕਰ ਹਰ ਰੋਝ ਸਾਝੀਵਾਲਤਾ ਇਤੇ ਸਾਂਤੀ ਦਾ ਸੰਦੇਸ਼ ਦਿੰਦੇ ਹਨ, ਅਕਸਰ ਸੁਣਦੇ ਹਾਂ। ਇਸ ਨੂੰ ਹੋਰੂ ਪ੍ਰੈਕਟੀਕਲ ਵਿਚ ਲਿਆਉਣ ਦੀ ਲੋੜ ਹੈ।ਦਿਨ ਨਿਕਲਣ ਤੋਂ ਪਹਿਲਾਂ ਕੰਨਾਂ ਵਿੱਚ ਪਏ ਹੋਏ ਸੰਦੇਸ਼ ਹਰ ਸਮੇ ਦਿਮਾਗ ਵਿੱਚ ਬਣੇ ਰਹਿਣੇ ਚਾਹੀਦੇ ਹਨ। ਇਹ ਸਮਾਜ ਨੂੰ ਜੋੜਦੇ ਹਨ। ਮਾਇਆ ਸਾਥ ਨਹੀਂ ਜਾਣੀ ਦੇ ਪਾਠ ਸੁਣਨ ਵਾਲੇ ਇੰਨਸਾਨ ਨੂੰ ਰੋਜ ਯਾਦ ਕਰਾਉਂਣਾ ਪੈਂਦਾ ਹੈ।

ਸੰਘਰਸ਼ ਕਰਨ ਵਾਲੀ ਕੌਮ ਜੀਵਨ ਜਿਉਣ ਦੇ ਸਾਧਨ ਲੈਣ ਵਿਚ ਲਗੇ ਗਰੀਬ ਲੋਕਾਂ ਦੇ ਸੰਘਰਸ਼ ਦੇ ਰਾਹ ਰੋਕਣ ਵਾਲੇ ਬਣ ਜਾਂਦੇ ਹਨ। ਕਈ ਵਾਰ ਬੇਜਮੀਨੇ ਖੇਤੀ ਮਜਦੂਰਾਂ ਦੇ ਸਰਕਾਰੀ ਜਮੀਨਾਂ ਦੇ ਹਿੱਸੇ ਦੀ ਬੋਲੀ ਦੇਣ, ਹੱਡਾਂਰੋੜੀ ਦੇ ਪ੍ਰਬੰਧ, ਮਜਦੂਰੀ ਵਧਾਉਣ ਵਾਲੇ ਸੰਘਰਸ਼ ਨੂੰ ਰੋਕਣ ਲਈ ਧਾਰਮਿਕ ਸਥਾਨਾਂ ਵਰਤੋਂ ਕਰਨ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਉਹਨਾਂ ਦੇ ਬਾਈਕਾਟ ਦੀਆਂ ਅਨਾਊਸ਼ਮੈਂਟਾਂ ਸਪੀਕਰਾਂ ਵਿੱਚੋਂ ਸੁਣਾਈ ਦੇਣ ਲਗਦੀਆਂ ਹਨ। ਗੁਰੂ ਘਰਾਂ ਵਿੱਚ ਉਹਨਾਂ ਦੇ ਖਿਲਾਫ ਬਾਈਕਾਟ ਲਈ ਮੀਟਿੰਗਾਂ ਹੋਣ ਜਾਂਹਥਿਆਰ ਲੈਕੇ ਇਕੱਠ ਕਰਨ ਦੀਆਂ ਖਬਰਾਂ ਮਿਲਦੀਆਂ ਹਨ। ਸ਼ੋਸ਼ਲ ਮੀਡੀਆ ਦੀਆਂ ਵੀਡੀਉਜ ਵਿਚ ਕਥਿਤ ਛੋਟੀਆਂ ਜਾਤੀਆਂ ਉਤੇ ਹਮਲੇ ਕਰਨ ਵਾਲਿਆਂ ਨੂੰ ਗੁਰੂ ਘਰਾਂ ਦੇ ਲੰਗਰ ਬਣਵਾ ਕੇ ਵਰਤਾਂਉਂਦੇ ਦੇਖੇ ਗਏ, ਵੀਡੀਓ ਵਾਇਰਲ ਵੀ ਹੋਈਆਂ ਸਨ। ਕਈ ਆਪਣੀ ਜਿੱਤ ਲਈ ਕਈ ਲੋਕ ਗੁਰੂ ਦੀ ਅਗਦਾਸ ਵੀ ਕਰਕੇ ਆਉਂਦੇ ਸਨ। ਘਾਟੇ ਵਾਧੇ, ਨਫੇ ਨੁਕਸਾਨ ਸਮੇ ਦਾ ਗੇੜ ਸਭ ਨਾਲ ਚਲਦਾ ਹੀ ਰਹਿੰਦੈ, ਮੇਰਾ ਖਿਆਲ ਹੈ ਜਿਸ ਦਾ ਰਾਜ ਹੈ, ਉਸੇ ਦੀਗਾਇਬੀ ਸ਼ਕਤੀਬਣੀ ਰਹਿੰਦੀ ਹੈ। ਬਹੁਤ ਸਾਰੇ ਪਿੰਡਾਂ ਵਿਚ ਇਸ ਤਰਾਂ ਦੀਆਂ ਘਟਨਾਵਾਂ ਵਾਪਰਦੀਆਂ ਹੀ ਰਹਿੰਦੀਆਂ ਹਨ। ਪਿੰਡਾ ਅਤੇ ਕਸਬਿਆਂ ਦੇ ਵੱਖਰੇ ਗੁਰੂਘਰਾਂ ਦੇ ਬਣਨ ਦਾ ਇਕ ਕਾਰਨ ਇਹ ਵੀ ਹੈ। ਗੁਰੂਆਂ ਦੀ ਉਤਮ ਸਿੱਖਿਆ ਦੇ ਲਾਗੂ ਨਾਂ ਹੋਣ ਕਾਰਨ ਸਿੱਖ ਦਿਖ ਵਾਲੇ ਗਰੀਬ ਪੰਜਾਬੀ ਪੇਂਡੂ ਲੋਕ ਡੇਰਿਆਂ ਦਾ ਰੁੱਖ ਕਰਦੇ, ਕੁੱਝ ਬਰਾਬਰੀ ਦਾ ਮਾਣ ਪ੍ਰਾਪਤ ਕਰਦੇ ਹਨ।

ਗੁਰੂਆਂ ਦੀ ਸਮਝ ਅਨੂਸਾਰ ਚੱਲਕੇ, ਇਹਨਾਂ ਸਥਾਨਾਂ ਨੂੰ ਸਮਾਨਤਾ ਦੇ ਕੰਮਾਂ ਲਈ ਵਰਤ ਕੇ ਹੀ ਪਿੰਡ ਪੱਧਰ ਉਤੇ ਸਾਂਝੀਵਾਲਤਾ ਦੇ ਮੁੱਢ ਬੰਨਣੇ ਬਣਦੇ ਹਨ। ਇਹ ਸਥਾਨ ਰਾਜਨੀਤੀ, ਜਾਤੀਵਾਦ, ਪਖੰਡਵਾਦ, ਤੋਂ ਮੁਕਤ ਹੋਣੇ ਚਾਹੀਦੇ ਹਨ ਅਤੇ ਸਮਾਜਿਕ ਸਿੱਖਿਆ ਦੇ ਮੋਹਰੀ ਅਦਾਰੇ ਹੋਣੇ ਚਾਹੀਦੇ ਹਨ।

### ਆਧੂਨਿਕ ਪਹੁੰਚ ਬਨਾਉਣ ਦੀ ਲੋੜ

ਭਾਰਤ ਦੇ ਕੁੱਝ ਕੂ ਨਿਜੀ ਅਦਾਰਿਆਂ ਦੇ ਮਾਲਕਾਂ ਦੇ ਅਮੀਰ ਹੋਣ ਨਾਲੋਂ ਭਾਰਤ ਸਰਕਾਰ ਦਾ ਅਮੀਰ ਹੋਣਾ ਵੱਧ ਜਰੂਰੀ ਹੈ। ਸੰਸਾਧਨਾਂ ਉੱਤੇ ਭਾਰਤ ਦੀ ਸਰਕਾਰ ਦਾ ਸਿੱਧਾ ਨਿਯੰਤਰਣ ਹੋਣ ਨਾਲ ਸੰਭਵ ਹੈ। ਭਾਰਤ ਦੇ ਨਿਜੀ ਅਦਾਰੇ ਮੁਨਾਫੇ ਵਿਚ ਜਾਂਦੇ ਹਨ, ਪਰ ਭਾਰਤ ਦੇ ਸਰਕਾਰੀ ਅਦਾਰੇ ਘਾਟੇ ਵਿਚ, ਇਸੇ ਇੱਕ ਪੱਖ ਨੂੰ ਦੋਸ਼ ਦੇਣਾ ਠੀਕ ਨਹੀਂ। ਭਾਰਤ ਸਰਕਾਰ ਕੰਮ ਕਾਰ ਲਈ ਕਰਜੇ ਲੈਣ ਲਈ ਜਪਾਨ ਵਰਗੇ ਛੋਟੇ ਦੇਸ਼ਾਂ ਤਕ ਪਹੁੰਚ ਕਰੇ। ਜਪਾਨ ਦੀ 70 ਪ੍ਰਤੀਸ਼ਤ ਭੂੱਮੀ ਖੇਤੀ ਲਾਇਕ ਨਹੀਂ ਹੈ, ਕੁਦਰਤੀ ਸਾਧਨ ਕੋਇਲਾ, ਲੋਹਾ, ਤੇਲ, ਖਣਿਜਾਂ ਦੀ ਘਾਟ ਵਾਲਾ ਛੋਟਾ ਜਿਹਾ ਦੇਸ਼ ਭਰਤ ਨੂੰ ਕਰਜਾ ਦੇ ਰਿਹਾ ਹੈ। ਇਹ ਕਿਸੇ ਗਾਇਬੀ ਸ਼ਕਤੀ ਦੀ ਕ੍ਰਿਪਾ ਨਾਲ ਨਹੀ ਕੇਵਲ ਸਮਾਜਿਕ ਪ੍ਰਬੰਧਨ ਕਾਰਨ ਹੈ। ਭਾਰਤ ਵਿੱਚ ਨਾਂ ਹੋ ਸਕਣ ਦੇ ਬਹੁਤ ਸਾਰੇ ਕਾਰਨਾਂ ਵਿਚੋਂ ਵਿਚ ਇਹ ਸਭ ਨਾਲੋਂ ਮਹੱਤਵਪੂਰਨ ਕਾਰਨ ਹੈ, ਅਸਮਾਨਤਾ ਵਾਲਾ ਪ੍ਰਬੰਧਨ ਹੈ। ਹਕੂਮਤ ਨੇ ਖੇਤੀਹਰ ਜਾਤੀਆਂ ਲਈ ਖੇਤਾ ਦਾ ਪ੍ਰਮੁੱਖ ਸੰਸਾਧਨ ਜਮੀਨ, ਨੂੰ ਨਿਜੀ ਹੱਥਾਂ ਵਿਚ ਦੇ ਮਲਕ ਬਣਾ ਖੇਤੀ ਦੇ ਧੰਦੇ ਨੂੰ ਉਤਸਾਹਤ ਕੀਤਾ, ਬਹੁਤ ਹੀ ਅੱਛਾ ਕਦਮ ਹੈ। ਖੇਤੀਹਰ ਜਾਤੀਆਂ ਨਾਲੋਂ ਕੋਈ ਗੁੱਣਾਂ ਅਬਾਦੀ ਦੂੱਜੇ ਕਾਰੋਬਾਰਾਂ ਉਤੇ ਅੱਜ ਵੀ ਨਿਰਭਰ ਹੈ। ਉਸੇ ਤਰਾਂ ਦੂਜੇ ਵਪਾਰੀਆਂ, ਕਾਰੋਬਾਰੀਆਂ, ਲੱਕੜੀ, ਲੋਹਾ, ਸੋਨਾ, ਮਿੱਟੀ, ਜੁੱਤੀ, ਚਮੜਾ ਅਤੇ ਹੋਰ ਕਾਰੋਬਾਰੀਆਂ ਨੂੰ ਜਮੀਨ ਅਲਾਟ ਕਰ ਉਹਨਾਂ ਦੇ ਕਾਰੋਬਾਰਾਂ ਨੂੰ ਰਾਸ਼ਟਰੀ ਅਤੇ ਅੰਤਰਾਸ਼ਟਰੀ ਪੱਧਰ ਦੇ ਮਿਆਰੀ ਬਨਾਉਣਾ ਬਣਦਾ ਸੀ, ਜੇ ਕਰ ਪਹਿਲਾਂ ਨਹੀਂ ਹੋਇਆ ਤਾਂ ਅੱਜ ਵੀ ਸਰਕਾਰ ਨੂੰ ਕਰਨਾ ਬਣਦਾ ਹੈ।

ਪੁਰਾਤਨ ਸਮੇ ਤੋਂ ਹੀ ਖੇਤੀਬਾੜੀ ਨੂੰ ਭਾਰਤ ਨੇ ਪ੍ਰਮੁੱਖ ਧੰਦਾ ਰਿਹਾ ਹੈ। ਅਜੋਕੇ ਸਮੇ ਵਿਚਸਮੁੱਚੇ ਪਿੰਡ ਪਧਰ ਨੂੰ ਇੱਕ ਇਕਾਈ ਮੰਨਕੇ ਸਾਂਝੀ ਖੇਤੀ ਵਿਵਸਥਾ ਅਪਨਾਉਣ ਨਾਲ ਹੀ ਮਸੀਨਰੀ ਅਤੇ ਹੋਰ ਖਰਚੇ ਘਟਾਕੇ ਸਾਰੇ ਸਿਸ਼ਟਮ ਨੂੰ ਬਚਾਇਆ ਜਾ ਸਕਦਾ ਹੈ। ਆਪਸੀ ਸਹਿਯੋਗ, ਤਾਲਮੇਲ, ਸਾਂਝੀ ਖੇਤੀ ਨਾਲ ਸਮੁੱਚੇ ਸਮਾਜ ਦੀ ਭਾਈਚਾਰਕ ਸਾਂਝ ਨੂੰ ਵਧਾਉਣਾ ਹੋਵੇਗਾ, ਸਵਾਰਥ ਛੱਡ ਕੇ ਹੀ ਸਮਾਜ ਦੇ ਝਗੜੇ ਖਤਮ ਹੋ ਸਕਦੇ ਹਨ। ਇਕ ਸਫਲਸਮਾਜਿਕ ਸਾਂਝ ਨੂੰ ਵਧਾਉਣ ਵਾਲੇ ਬਿਹਾਰ ਦੇ ਤਜਰਬੇ ਦੀ ਕਹਾਣੀ ਦੇਖ ਸਕਦੇ ਹਾਂ।ਇਸ ਨੂੰ ਗੁ-ਰੂਆਂ ਪੀਰਾਂ ਦੀ ਸੋਚ ਪੰਜਾਬ ਵਿਚ ਜਮੀਨੀ ਪਧਰ ਉਤੇ ਲਾਗੂ ਕਰਨ ਦੀ ਲੋੜ ਹੈ। 2300 ਸਾਲ ਪਹਿਲਾਂ ਭਾਰਤ ਦੀ ਧਰਤੀ ਉਤੇ ਗਣਤੰਤਰ ਸਥਾਪਤ ਕਰ ਉਸ ਨੂੰ ਅਸਲੀ ਰੂਪ ਵਿੱਚ ਲਾਗੂ ਕਰਨ ਵਾਲੇ ਬੋਧੀ ਸਮਰਾਟ ਅਸ਼ੋਕ ਦੀ ਭੂਮੀ ਤੋਂ ਇੱਕ ਉਧਾਰਨ ਨਜ਼ਰੀ ਪਈ ਹੈ, ਉਸ ਸੋਚ ਨੂੰ ਲਾਗੂ ਕਰ ਸਮੁੱਚੇ ਭਾਰਤ ਦੇ ਜੀਵਨ ਪਧੱਰ ਉੱਚਾ ਚੁੱਕਣ ਲਈ ਸੋਧ ਮਿਲ ਸਕਦੀ ਹੈ।

ਬਿਹਾਰ ਮਧੁਬਨੀ ਵਿੱਚ ਗਰੀਬ ਔਰਤਾਂ ਦੀ ਸਮਾਜਵਾਦ ਆਧਾਰਿਤ ਖੇਤੀ"ਡਾ. ਸੁਭਦ੍ਰ ਝਾਅ, ਸਮਾਜ ਸ਼ਾਸਤਰੀ ਦੀ ਇਕ ਰਿਪੋਰਟ ਤੋਂ ਸੇਧ ਲਈ ਜਾ ਸਕਦੀ ਹੈ। ਬਿਹਾਰ ਮਧੁਬਨੀ ਦੇ ਪਾਂਡੇਲ ਬਲਾਕ ਵਿਚ, ਸਮਾਜਵਾਦ ਦੇ ਅਧਾਰ ਤੇ ਸਾਂਝੀ ਖੇਤੀ ਨੂੰ ਨਵੀਂ ਦਿਸ਼ਾ ਦਿੰਦੀ ਨਜ਼ਰ ਆ ਰਹੀ ਹੈ। ਇਹ ਸਮਾਜਵਾਦ ਦੀ ਸ਼ੁੱਧ ਵਿਚਾਰਧਾਰਾ ਦੇ ਆਧਾਰ ਤੇ ਹੈ, ਜਿੱਥੇ ਪੂੰਜੀ ਵੀ ਸਾਂਝੀ ਹੁੰਦੀ ਹੈ, ਕਿਰਤ ਵੀ ਸਾਂਝੀ ਅਤੇ ਲਾਭ ਵੀ ਹੁੰਦੇ ਹਨ। ਇੱਥੇ ਛੋਟੇ ਜਿਹੇ ਖੇਤੀ ਦੇ ਟੁਕੜੇ ਦੀ ਬਜਾਏ ਹੁਣ ਇੱਥੇ ਇੱਕ ਵੱਡਾ ਫਾਰਮ ਹੈ। ਉਹ ਕਿਸੇ ਇੱਕ ਦਾ ਨਹੀਂ ਹੈ। 35 ਤੋਂ ਵੱਧ ਔਰਤਾਂ ਇਸ ਨੂੰ ਸੰਭਲਦੀਆਂ ਹਨ। ਸਾਰੀਆਂ ਰ਼ਲਕੇ ਬਰਾਬਰ ਮਿਹਨਤ ਕਰਦੀਆਂ ਹਨ। ਸਾਰੀਆ ਫਸਲ ਦੇ ਰੱਖ-ਰਖਾਵ ਦੇ ਲਈ ਸਾਰੀਆਂ ਬਰਾਬਰ ਹੀ ਚਿੰਤਤ ਹੁੰਦੀਆਂ ਹਨ। ਬੀਜ ਅਤੇ ਖਾਦ ਖਰੀਦਦਾਰੀ ਇਕੱਠੇ ਕਰਦੀਆਂ ਹਨ। ਸਾਰੇ ਖੇਤ ਵਿਚ ਮਿਕਸਿੰਗ ਪਲਾਂਟ ਅਤੇ ਬੋਰਿੰਗ ਸਭ ਨੇ ਇਕੱਠੇ ਹੋ ਕੇ ਲਗਵਾਇਆ ਹੈ। ਇਹਨਾਂ ਸਮਾਜਵਾਦੀ ਵਿਚਾਰਧਾਰਾ ਨੇ ਇਨ੍ਹਾਂ ਗਰੀਬ ਔਰਤਾਂ ਦੇ ਜੀਵਣ ਦੇ ਮਿਆਰਾਂ ਵਿੱਚ ਕਾਫੀ ਸੁਧਾਰ ਕੀਤਾ ਹੈ।

### ਕੋਈ ਉੱਚਾ ਨੀਵਾਂ ਅਤੇ ਕੋਈ ਛੋਟਾ ਵੱਡਾ ਨਹੀਂ

ਇਹ ਔਰਤਾਂ ਪੁਰਾਣੇ ਦਿਨਾਂ ਨੂੰ ਯਾਦ ਕਰਦੀਆਂ ਹਨ, ਸਪੱਸ਼ਟ ਕਹਿੰਦੀਆਂ ਹਨ ਕਿ, ਉੱਚ ਨੀਚ ਅਤੇ ਵੱਡੇ ਅਤੇ ਛੋਟੇ ਵਰਗੇ ਪੈਮਾਨੇ ਸਿਰਫ ਸਮੱਸਿਆ ਪੈਦਾ ਕਰਦੇ ਹਨ। ਪਹਿਲਾਂ ਛੋਟੇ ਛੋਟੇ ਖੇਤ ਸਨ। ਪੀੜ੍ਹੀ ਦਰ ਪੀੜ੍ਹੀ ਹੋਰ ਛੋਟੇ ਹੁੰਦੇ ਗਏ। ਹਰ ਕੋਈ ਆਪਣੇ ਛੋਟੇ ਜਿਹੇ ਟੁਕੜੇ ਵਿਚ ਫਸਿਆ ਹੋਇਆ ਸੀ। ਲਾਗਤ ਅਤੇ ਮਿਹਨਤ ਜਿਆਦਾ ਸੀ।

ਗੱਲਬਾਤ ਦੌਰਾਨ, ਦੋ-ਤਿੰਨ ਔਰਤਾਂ ਇਕੱਠੇ ਮਿਲ ਕੇ ਖੇਤੀ ਕਰਨ ਦੇ ਵਿਚਾਰ ਉੱਤੇ ਮਿਲ ਕੇ ਕੰਮ ਕੀਤਾ।ਜਦੋਂ ਉਨ੍ਹਾਂ ਨੂੰ ਫ਼ਾਇਦਾ ਹੋਇਆ ਫਿਰ ਹੋਰ ਕਈ ਔਰਤਾਂ ਇੱਕਠੀਆਂ ਹੋਈਆਂ। ਹੁਣ, ਪੰਜ ਏਕੜ ਦੇ ਖੇਤ ਖੇਤਰ ਵਿੱਚ, ਇਹ ਇਸ ਤਰ੍ਹਾਂ ਹੈ ਜਿਵੇਂ ਉਹ ਸੋਨਾ ਉਗਾ ਰਹੀਆਂ ਹੋਣ। ਸਰਕਾਰ ਨੇ ਉਹਨਾਂ ਦੀ ਮਦਦ ਵੀ ਕੀਤੀ ਹੈ। ਮਹਿਲਾ ਕਿਸਾਨ ਸਸ਼ਕਤੀਕਰਣ ਪ੍ਰਾਜੈਕਟ ਦੇ ਅਧੀਨ ਉਨ੍ਹਾਂ ਨੂੰ ਕਮਿਊਨਿਟੀ ਡ੍ਰਿਪ ਸਿੰਚਾਈ ਸਾਧਨਾਂ ਲਈ 7 ਲੱਖ 50 ਹਜ਼ਾਰ ਰੁਪਏ ਦੀ ਗ੍ਰਾਂਟ ਦਿੱਤੀ ਗਈ।

ਜੈਵਿਕ ਵਿਧੀ ਨਾਲ ਖੇਤੀਬਾੜੀ ਸਲਾਹਕਾਰ ਸਮੇਂ ਸਮੇਂ ਸਹੀ ਸਲਾਹ ਦਿੰਦੇ ਰਹਿੰਦੇ ਹਨ। ਸਾਲ 2016 ਵਿਚ, ਉਨ੍ਹਾਂ ਨੇ ਮਿਲ ਕੇ ਖੇਤੀਬਾੜੀ ਸ਼ੁਰੂ ਕੀਤੀ। ਹੁਣ ਮਹਿਲਾ ਕਿਸਾਨਾਂ ਦੀ ਗਿਣਤੀ 35 ਹੋ ਗਈ ਹੈ।

### ਏਕਤਾ ਵਿਚ ਬਲ ਹੈ।

ਪਾਂਡੇਲ ਬਲਾਕ ਦੇ ਪਵਿਤ੍ਰੀ ਦੇਵੀ, ਆਰਤੀ ਦੇਵੀ, ਸੁਨੀਤਾ ਦੇਵੀ, ਸੀਤਾ ਦੇਵੀ, ਉਰਮਿਲਾ ਦੇਵੀ, ਤ੍ਰਿਵੇਣੀ ਦੇਵੀ ਅਤੇ ਰੰਜੂ ਦੇਵੀ ਨਾਲ ਗੱਲ ਕਰੋ ਤਾਂ, ਇਹ ਸਮਝਿਆ ਜਾ ਸਕਦਾ ਹੈ ਕਿ ਉਸਦੀ ਸੋਚਣੀ ਕਿੰਨੀ ਸਪਸ਼ਟ ਹੈ। ਉਨ੍ਹਾਂ ਨੂੰ ਪੜ੍ਹਨ ਅਤੇ ਲਿਖਣ ਦਾ ਚੰਗਾ ਮੌਕਾ ਨਹੀਂ ਮਿਲਿਆ, ਪਰ ਉਨ੍ਹਾਂ ਨੇ ਘਰ ਅਤੇ ਪਰਿਵਾਰ ਤੋਂ ਬਹੁਤ ਕੁਝ ਸਿੱਖਿਆ। ਏਕਤਾ ਵਿਚ ਬਲ ਹੈ, ਉਹਨਾਂ ਨੂੰ ਅਨੁਭਵ ਕੀਤਾ ਹੈ ਸਾਰੀਆਂ ਸਹੇਲੀਆਂ ਇਕ ਦੂਜੇ ਦੀ ਮਦਦ ਕਰਦੀਆਂ ਹਨ।

### ਅੱਛਾ ਲਾਭ ਹੋਇਆ

ਪੰਜ ਏਕੜ ਜ਼ਮੀਨ 'ਤੇ ਕਮਿਊਨਿਟੀ ਫਾਰਮਿੰਗ ਤੋਂ ਹਰੇਕ ਔਰਤ ਕਿਸਾਨਹਰ ਸਾਲ ਔਸਤਨ 50 ਹਜ਼ਾਰ ਰੁਪਏ ਕਮਾਉਂਦੀ ਹੈ। ਥੋਕ ਬਜਾਰ ਵੀ ਚੰਗਾ ਮਿਲ ਜਾਂਦਾ ਹੈ। ਚੰਗੀ ਕੀਮਤ ਵੀ ਪ੍ਰਾਪਤ ਕਰ ਲੈਂਦੀਆਂ ਹਨ। ਉਹ ਪਾਡੇਲਬਾਜ਼ਾਰ, ਭਵਾਨੀਪੁਰ, ਬਥਾਨੇ ਚੌਂਕ ਆਦਿ ਵਿਚ ਆਪਣੀਆਂ ਫਸਲਾਂ ਚੰਗੇ ਭਾ ਪੇਂਡੂ ਬਜ਼ਾਰ ਵਿਚ ਵੇਚਦੀਆਂ ਹਨ। ਕਈ ਥੋਕ ਦੁਕਾਨਦਾਰ ਆਪਣੇ ਖੇਤਾਂ ਵਿਚ ਪਹੁੰਚਦੇ ਹਨ

### ਉਦਾਹਰਨਾਂ ਬਣ ਗਈਆਂ ਹਨ ਇਹ ਔਰਤਾਂ

ਮਧਬਾਨੀ ਦੇ ਜ਼ਿਲ੍ਹਾ ਮੈਜਿਸਟਰੇਟ ਕਪਿਲ ਅਸ਼ੋਕ ਨੇ ਕਿਹਾ ਕਿ ਇਨ੍ਹਾਂ ਮਹਿਲਾ ਕਿਸਾਨਾਂ ਦੀ ਸਫਲ ਸਫਲਤਾ ਉਨ੍ਹਾਂ ਨੂੰ ਛੋਟੇ ਖੇਤ ਜੋੜ ਕੇ ਜੋ ਇਹਨਾਂ ਔਰਤਾਂ ਨੇ ਕੰਮ ਕੀਤਾ ਹੈ ਬਹੁਤ ਸਰਾਹਨੀਆ ਹੈ। ਉਹ ਜੈਵਿਕ ਖੇਤਾ ਕਰਦੀਆਂ ਹਨ, ਜੋ ਕਿ ਵਧੇਰੇ ਲਾਹੇਵੰਦ ਹੈ। ਨੈਸ਼ਨਲ ਲਾਈਵਲੀਹੁੱਡ ਮਿਸ਼ਨ ਦੇ ਤਹਿਤ, ਅਸੀਂ ਹੋਰਨਾਂ ਬਲਾਕਾਂ ਦੇ ਅਜਿਹੇ ਯਤਨਾਂ ਨੂੰ ਵੀ ਉਤਸਾਹਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਹਨਾਂ ਲੋਕਾਂ ਤੋਂ ਸਿੱਖ ਕੇ, ਲੋਕ ਇਕੱਠੇ ਕੰਮ ਕਰਨਗੇ, ਬਹੁਤ ਸਾਰੀਆਂ ਵੱਡੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ।

"ਬਹੁਤ ਸਾਰੇ ਛੋਟੇ ਛੋਟੇ ਖੇਤ ਹੋਣ ਕਾਰਨ ਕਿਸਾਨ ਖੇਤੀ ਤੋਂ ਦੂਰ ਹੋ ਰਹੇ ਹਨ। ਸਾਂਝੀ ਖੇਤੀ ਦੇ ਅੱਛੇ ਪ੍ਰੀਣਾਮ ਸਾਹਮਣੇ ਆਏ ਹਨ। ਬਾਥੇਨਾ ਦੇ ਮਹਿਲਾ ਕਿਸਾਨਾਂ ਨੇ ਇਹ ਕੀਤਾ ਹੈ। ਉਨ੍ਹਾਂ ਦੇ ਸੂਝਬੂਝ ਮਿਸਾਲ ਬਣੀ ਹੈ। ਦੂਜੇ ਕਿਸਾਨਾਂ ਨੂੰ ਖੁਸ਼ਹਾਲੀ ਅਤੇ ਸਫਲਤਾ ਲਈ ਇਸ ਨੂੰ ਅਪਣਾਉਣਾ ਚਾਹੀਦਾ ਹੈ। ਕਿਸਾਨਾਂ ਨੂੰ ਜਾਗਰੂਕ ਕਰਨ ਲਈ ਪ੍ਰਸ਼ਾਸਨ ਨੂੰ ਪਹਿਲ ਕਰਨੀ ਚਾਹੀਦੀ ਹੈ। ਪੰਚਾਇਤਾਂ ਅਤੇ ਹੋਰ ਚੌਧਰਾਂ ਲਈ ਰਾਜਨੀਤਿਕ ਕਾਰਨਾਂ ਕਰਕੇ ਵੰਡੇ ਲੋਕਾਂ ਨੂੰ ਰਾਜਨੀਤੀ ਤੋਂ ਉਪਰ ਉੱਠਣਾ ਹੋਵੇਗਾ, ਇੱਕ ਹੋਣਾ ਹੋਵੇਗਾ। ਭਾਰਤ ਵਿਚ ਭਾਰਤੀਆਂ ਦੁਆਰਾ ਹੀ "ਪਾੜੋ ਅਤੇ ਰਾਜ ਕਰੋ" ਦੀ ਨੀਤੀ ਦੇ ਨੁਕਸਾਨ ਸਮਝਦੇ ਹੋਏ, ਸਮਾਜ ਨੂੰ ਵੰਡਣ ਵਾਲੀ ਰਾਜਨੀਤੀ ਨੂੰ ਪਿੰਡਾਂ ਦੀਆਂ ਜੂੰਹਾਂ ਤੋਂ ਦੂਰ ਰਖਣਾ ਹੋਵੇਗਾ। ਸਮਾਜ ਨੂੰ ਵੰਡਣ ਵਾਲੀ ਰਾਜਨੀਤੀ ਸਾਰਿਆਂ ਸਹਿਕਾਰੀ ਕੰਮਾ ਵਿਚ ਅੜਿਕਾ ਬਣਦੀ ਹੈ। ਹਰਕੰਮ ਵਿਚ ਪਾਰਦਰਸ਼ਤਾ ਅਤੇ ਸਾਂਝੇ ਫੈਸਲੇ ਨੂੰ ਪ੍ਰਮੁੱਖਤਾ ਦੇਣ ਨਾਲ ਸਾਂਝੀ ਖੇਤੀ ਦੇ ਸਫਲ ਹੋ ਸਕਦੇ ਹਨ।

# ਪ੍ਰਵਾਸੀ ਭਾਰਤੀ ਨੇ 80 ਲੱਖ ਰੁਪਏ ਖਰਚ ਕੇ ਖੰਡਰ ਤੋਂ ਆਲੀਸ਼ਾਨ ਇਮਾਰਤ ਵਿੱਚ ਤਬਦੀਲ ਕੀਤਾ ਪਿੰਡ ਨੜ੍ਹਾਂਵਾਲੀ ਦਾ ਸਰਕਾਰੀ ਸਕੂਲ









**ਬਟਾਲਾ–** ਭਾਰਤ-ਪਾਕਿਸਤਾਨ ਸਰਹੱਦ ਨੇੜੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਨੜਾਂਵਾਲੀ ਦੇ ਸਰਕਾਰੀ ਸਕੂਲ ਨੂੰ ਦੇਖ ਕੇ ਸਾਰੇ ਲੋਕ ਦੰਗ ਰਹਿ ਜਾਂਦੇ ਹਨ। ਇਸ ਸਕੂਲ ਦੀ ਇਮਾਰਤ ਏਨੀ ਖੂਬਸੂਰਤ ਹੈ ਕਿ ਵੱਡੇ ਤੋਂ ਵੱਡੇ ਨਿੱਜੀ ਸਕੂਲ ਵੀ ਇਸ ਸਾਹਮਣੇ ਫਿੱਕੇ ਪੈਂਦੇ ਦਿਖਾਈ ਦਿੰਦੇ ਹਨ। ਕੁਝ ਸਾਲ ਪਹਿਲਾਂ ਇਹ ਸਕੂਲ ਏਨੀ ਖੂਬਸੂਰਤ ਨਹੀਂ ਸੀ ਅਤੇ ਇਹ ਇਮਾਰਤ ਖੰਡਰ ਵਿੱਚ ਤਬਦੀਲ ਹੋ ਚੁੱਕੀ ਸੀ। ਇਸ ਸਕੂਲ ਵਿਚੋਂ ਪੜ੍ਹੇ ਪਿੰਡ ਨੜਾਂਵਾਲੀ ਦੇ ਸਪੂਤ ਕੁਲਜੀਤ ਸਿੰਘ ਗੌਸਲ ਜੋ ਇਸ ਸਮੇਂ ਆਸਟ੍ਰੇਲੀਆ ਵਿੱਚ ਜੇਲ ਅਫ਼ਸਰ ਵਜੋਂ ਤਾਇਨਾਤ ਹਨ ਨੇ ਆਪਣੇ ਸਕੂਲ ਦੀ ਸਾਰ ਲੈਂਦਿਆਂ 80 ਲੱਖ ਰੁਪਏ ਖਰਚ ਕਰਕੇ ਇਸ ਸਕੂਲ ਦਾ ਪੂਰੀ ਤਰਾਂ ਮੁਹਾਂਦਰਾ ਹੀ ਬਦਲ ਦਿੱਤਾ ਹੈ। ਸੱਤ ਸਮੁੰਦਰੋਂ ਪਾਰ ਆਸਟ੍ਰੇਲੀਆ ਦੀ ਧਰਤੀ ਉੱਪਰ ਆਪਣੀ ਮਿਹਨਤ ਦੇ ਦਮ ’ਤੇ ਸਫਲਤਾ ਹਾਸਲ ਕਰਨ ਵਾਲੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਨੜਾਂਵਾਲੀ ਦੇ ਜੰਮਪਲ ਕੁਲਜੀਤ ਸਿੰਘ ਗੌਸਲ ਅੱਜ ਵੀ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਹਨ ਅਤੇ ਉਹ ਆਪਣੀ ਜੰਮਣ ਭੋਇੰ ਦੇ ਕਰਜ਼ ਨੂੰ ਉਤਾਰਨ ਦਾ ਯਤਨ ਕਰ ਰਹੇ ਹਨ। ਪਿੰਡ ਨੜਾਂਵਾਲੀ ਦਾ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਮਿਡਲ ਸਕੂਲ ਜੋ ਕਿ ਇਕੋ ਕੰਪਲੈਕਸ ਵਿੱਚ ਚੱਲ ਰਹੇ ਹਨ ਦੀ ਕੁਝ ਸਾਲ ਪਹਿਲਾਂ ਇਮਾਰਤ ਪੱਖੋਂ ਹਾਲਤ ਠੀਕ ਨਹੀਂ ਸੀ। ਜਦੋਂ ਪ੍ਰਵਾਸੀ ਭਾਰਤੀ ਕੁਲਜੀਤ ਸਿੰਘ ਗੌਸਲ ਆਪਣੇ ਪਿੰਡ ਆਇਆ ਤਾਂ ਉਸਨੇ ਸਕੂਲ ਦੀ ਹਾਲਤ ਸੁਧਾਰਨ ਦਾ ਨਿਛਚਾ ਕਰ ਲਿਆ। ਕੁਲਜੀਤ ਸਿੰਘ 1973 ਵਿੱਚ ਇਸ ਸਕੂਲ ਤੋਂ ਪ੍ਰਾਇਮਰੀ ਜਮਾਤਾਂ ਪੜ੍ਹਿਆ ਸੀ। ਇਸ ਸਕੂਲ ਤੋਂ ਆਪਣੀ ਤਾਲੀਮ ਦਾ ਮੁੱਢ ਬੰਨਣ ਵਾਲੇ ਕੁਲਜੀਤ ਸਿੰਘ ਨੇ ਆਸਟ੍ਰੇਲੀਆ ਦੀ ਸਭ ਤੋਂ ਵੱਡੀ ਸਿਡਨੀ ਯੂਨੀਵਰਸਿਟੀ ਤੋਂ ਲਾਅ ਦੀ ਡਿਗਰੀ ਦੇ ਨਾਲ ਸਾਇੰਸ ਦੇ ਖੇਤਰ ਵਿੱਚ ਪੀ.ਐੱਚ.ਡੀ. ਦੀ ਡਿਗਰੀ ਹਾਸਲ ਕੀਤੀ ਹੈ। ਇਸ ਸਮੇਂ ਉਹ ਆਸਟ੍ਰੇਲੀਆ ਵਿਖੇ ਜੇਲ ਅਫ਼ਸਰ ਅਤੇ ਸੀਨੀਅਰ ਵਕੀਲ ਵਜੋਂ ਸੇਵਾਵਾਂ ਨਿਭਾ ਰਹੇ ਹਨ। ਕੁਲਜੀਤ ਸਿੰਘ ਗੌਸਲ ਆਪਣੇ ਬਚਪਨ ਦੇ ਦਿਨ੍ਹਾਂ ਨੂੰ ਅੱਜ ਵੀ ਯਾਦ ਕਰਦੇ ਹਨ। ਪਿੰਡ ਨੜਾਂਵਾਲੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਗ੍ਰਹਿਣ ਕੀਤੀ ਸਿੱਖਿਆ ਨੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਅਜਿਹਾ ਮੁੱਢ ਬੰਨਿਆ ਸੀ ਕਿ ਉਨ੍ਹਾਂ ਨੇ ਪੜ੍ਹਾਈ ਦੇ ਖੇਤਰ ਵਿੱਚ ਫਿਰ ਪਿਛੇ ਮੁੜ ਕੇ ਨਹੀਂ ਦੇਖਿਆ। ਆਪਣੇ ਸਕੂਲ ਨੂੰ ਬੁਨਿਆਦੀ ਢਾਂਚੇ ਦੇ ਪੱਖ ਤੋਂ ਵਿਸ਼ਵ ਪੱਧਰ ਦਾ ਬਣਾਉਣ ਦਾ ਸੁਪਨਾ ਲੈਣ ਵਾਲੇ ਪ੍ਰਵਾਸੀ ਭਾਰਤੀ ਗੌਸਲ ਨੇ 18 ਨਵੰਬਰ 2017 ਨੂੰ ਸਰਕਾਰੀ ਮਨਜ਼ੂਰੀ ਲੈ ਕੇ ਇਸ ਸਕੂਲ ਦੀ ਇਮਾਰਤ ਨੂੰ ਨਵੇਂ ਸਿਰੇ ਤੋਂ ਬਣਾਉਣਾ ਸ਼ੁਰੂ ਕਰ ਦਿੱਤਾ। ਕੁਲਜੀਤ ਸਿੰਘ ਗੌਸਲ ਵਲੋਂ 80 ਲੱਖ ਰੁਪਏ ਖਰਚ ਕੇ 5 ਮਹੀਨਿਆਂ ਵਿੱਚ ਸਕੂਲ ਦੀ ਦੋ ਮੰਜ਼ਿਲਾ ਆਲੀਸ਼ਾਨ ਇਮਾਰਤ ਤਿਆਰ ਕਰ ਦਿੱਤੀ ਗਈ। ਪ੍ਰਾਇਮਰੀ ਸਕੂਲ ਦੀ ਸਾਰੀ ਇਮਾਰਤ ਹੀ ਨਵੇਂ ਸਿਰੇ ਤੋਂ ਬਣਾਈ ਗਈ ਜਦਕਿ ਮਿਡਲ ਸਕੂਲ ਦੀ ਇਮਾਰਤ ਦੀ ਪੂਰੀ ਤਰਾਂ ਮੁਰੰਮਤ ਕਰਕੇ ਉਸਨੂੰ ਵੀ ਨਵੀਂ ਦਿੱਖ ਦੇ ਦਿੱਤੀ ਗਈ। ਇਸ ਸਕੂਲ ਦਾ ਉਦਘਾਟਨ 28 ਫਰਵਰੀ 2019 ਨੂੰ ਕੀਤਾ ਗਿਆ ਹੈ। ਕੁਲਜੀਤ ਸਿੰਘ ਗੌਸਲ ਨੇ ਇਸ ਸਕੂਲ ਦੀ ਇਮਾਰਤ ਦਾ ਨੀਂਹ ਪੱਥਰ ਪਿੰਡ ਦੀ ਸਭ ਤੋਂ ਬਜ਼ੁਰਗ ਔਰਤ ਕੋਲੋਂ ਰਖਾਇਆ ਸੀ ਅਤੇ ਉਦਘਾਟਨ ਵੀ ਪਿੰਡ ਦੇ ਇੱਕ ਬਜ਼ੁਰਗ ਵਿਅਕਤੀ ਕੋਲੋਂ ਕਰਾਇਆ ਗਿਆ। ਇਸ ਸਕੂਲ ਦੇ ਸਾਰੇ ਹੀ ਕਮਰੇ ਸਮਾਰਟ ਕਲਾਸ ਰੂਮ ਹਨ ਅਤੇ ਬੱਚਿਆਂ ਦੇ ਬੈਠਣ ਲਈ ਫਰਨੀਚਰ ਆਦਿ ਪਹਿਲੇ ਦਰਜੇ ਦਾ ਹੈ। ਸਕੂਲ ਦੀ ਅਧੁਨਿਕ ਇਮਾਰਤ ਅਤੇ ਹੋਰ ਸਹੂਲਤਾਂ ਦੇ ਪੱਖ ਤੋਂ ਇਹ ਸਕੂਲ ਸੂਬੇ ਦਾ ਸਭ ਤੋਂ ਖੂਬਸੂਰਤ ਸਰਕਾਰੀ ਸਕੂਲ ਹੋਣ ਦਾ ਮਾਣ ਰੱਖਦਾ ਹੈ। ਪਿਛਲੇ ਸਾਲ ਇਸ ਸਕੂਲ ਵਿੱਚ 50 ਦੇ ਕਰੀਬ ਬੱਚੇ ਪੜ੍ਹਦੇ ਹਨ ਜਦਕਿ ਇਸ ਸਾਲ ਵਿਦਿਆਰਥੀਆਂ ਦੀ ਗਿਣਤੀ ਵਿੱਚ ਵੀ ਵਾਧਾ ਹੋਇਆ ਹੈ ਅਤੇ 78 ਬੱਚੇ ਇਥੋਂ ਤਾਲੀਮ ਹਾਸਲ ਕਰ ਰਹੇ ਹਨ। ਪਿੰਡ ਦੇ ਲੋਕ ਆਪਣੇ ਪਿੰਡ ਦੇ ਸਰਕਾਰੀ ਸਕੂਲ ਦੀ ਬਦਲੀ ਨੁਹਾਰ ਤੋਂ ਬੇਹੱਦ ਖੁਸ਼ ਹਨ ਅਤੇ ਲੋਕ ਹੁਣ ਇਸ ਸਕੂਲ ਤੋਂ ਆਪਣੇ ਬੱਚਿਆਂ ਨੂੰ ਪੜ੍ਹਾਉਣ ਵਿਚ ਤਰਜੀਹ ਦੇਣ ਲੱਗੇ ਹਨ। ਕੁਲਜੀਤ ਸਿੰਘ ਗੌਸਲ ਨੇ ਕਿਹਾ ਕਿ ਉਹ ਆਪਣੀ ਜੰਮਣ ਭੋਇੰ ਦਾ ਕਰਜ਼ਦਾਰ ਹੈ ਅਤੇ ਇਸ ਉਸ ਵਲੋਂ ਇੱਕ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਗਈ ਹੈ। ਉਸਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਪਿੰਡ ਦੇ ਬੱਚੇ ਵਧੀਆ ਸਿੱਖਿਆ ਹਾਸਲ ਕਰਕੇ ਜ਼ਿੰਦਗੀ ਵਿੱਚ ਕਾਮਯਾਬ ਹੋਣ ਅਤੇ ਆਪਣੇ ਪਿੰਡ ਤੇ ਸੂਬੇ ਦਾ ਨਾਮ ਰੌਸ਼ਨ ਕਰਨ। ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿੱਚ ਵੀ ਆਪਣੇ ਪਿੰਡ ਦੀ ਬਿਹਤਰੀ ਲਈ ਜੋ ਵੀ ਹੋਇਆ ਉਹ ਕਰਦੇ ਰਹਿਣਗੇ।



ਸੁਲੱਖਣ ਸਿੰਘ

**(ਰਿਪੋਰਟ ਅਤੇ ਤਸਵੀਰਾਂ– ਸੁਲੱਖ਼ਣ ਸਿੰਘ)**

# ਬਸਪਾ ਜਿਲ੍ਹਾ ਲੁਧਿਆਣਾ ਮੀਟਿੰਗ, ਵਰਕਰਾਂ ਦੇ ਇਕੱਠ ਦਾ ਆਇਆ ਜਨਸੈਲਾਬ





**ਲੁਧਿਆਣਾ–** ਜਿਲ੍ਹਾ ਲੁਧਿਆਣਾ ਬਹੁਜਨ ਸਮਾਜ ਪਾਰਟੀ ਦੀ ਬਤੌਰ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਦੀ ਪਲੇਠੀ ਮੀਟਿੰਗ ਲਗਾਤਾਰ ਚਾਰ ਘੰਟੇ ਸੁਚੱਜੇ ਢੰਗ ਨਾਲ ਚੱਲੀ। ਸਾਰੇ ਹਲਕਿਆਂ ਦੇ ਵਰਕਰਾਂ ਤੇ ਲੀਡਰਸ਼ਿਪ ਸਾਹਿਬਾਨ ਨਾਲ ਤਸੱਲੀਬਖ਼ਸ਼ ਤਰੀਕੇ ਨਾਲ ਗੱਲਬਾਤ ਕੀਤੀ, ਹਰੇਕ ਹਲਕੇ ਨੂੰ ਸੁਣਿਆ ਗਿਆ, ਲੁਧਿਆਣਾ ਜ਼ਿਲ੍ਹੇ ਦੀ ਵਿਸ਼ਾਲ ਆਬਾਦੀ ਤੇ ਵੋਟਰਾਂ ਵਿਚਕਾਰ ਪਾਰਟੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਹਰੇਕ ਵਰਕਰ ਨੂੰ ਬੋਲਣ ਦਾ ਮੌਕਾ ਮਿਲਿਆ। ਗੱਲਬਾਤ ਤੋਂ ਬਾਅਦ ਅਗਲੇ ਤੀਹ ਦਿਨਾਂ ਦੇ ਕੰਮ ਦਾ ਪ੍ਰੋਗਰਾਮ ਜਿੰਮੇਵਾਰ ਲੀਡਰਾਂ ਨੂੰ ਵੰਡ ਕੇ ਦਿੱਤਾ। ਦੋ ਵਿਧਾਨ ਸਭਾ ਹਲਕਾ ਕਮੇਟੀਆਂ ਅਨੁਸ਼ਾਸਨ ਦੇ ਨਜ਼ਰੀਏ ਤੋਂ ਮੌਕੇ ਤੇ ਭੰਗ ਕੀਤੀਆਂ। ਜਿੰਮੇਵਾਰ ਸਾਥੀਆਂ ਦੀ ਮਿਹਨਤ ਅਤੇ ਯੋਜਨਾ ਸਦਕਾ ਮੀਟਿੰਗ ਹਾਲ ਵਿਚ ਵਰਕਰਾਂ ਦਾ ਸੈਲਾਬ ਆਇਆ। ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਨੇ ਪ੍ਰਬੰਧਕਾ ਵੱਲੋਂ ਸਨਮਾਨ ਵਜੋਂ ਗੁਰੂ ਦਸਮੇਸ਼ ਪਿਤਾ ਦੀ ਬਖਸ਼ਿਸ਼ ਕਿਰਪਾਨ ਨੂੰ ਮੱਥੇ ਨਾਲ ਲਾ ਕੇ ਮਿਆਨ ਵਿਚੋਂ ਬਾਹਰ ਕੱਢ ਕੇ 2022 ਦਾ ਯੁੱਧ ਪੰਜਾਬ ਤੇ ਪੰਜਾਬੀਅਤ ਦੇ ਹਿਤ ਵਿੱਚ ਲੜਨ ਦਾ ਐਲਾਨ ਕੀਤਾ।

**ਦੁਪਹਿਰ ਦੇ ਖਾਣੇ ਲਈ ਦੋ ਸਾਥੀਆ ਦੀ ਜਿਦ– ਅਜੀਬ ਸਥਿਤੀ**

ਉਦੋਂ ਪੈਦਾ ਹੋ ਗਈ ਜਦੋਂ ਚਾਰ ਵਜੇ ਸ਼ਾਮ ਦੁਪਹਿਰ ਦਾ ਖਾਣਾ ਆਪਣੇ ਆਪਣੇ ਘਰ ਖਿਲਾਉਣ ਲਈ ਜਿਦ ਤੇ ਦੋ ਸਤਿਕਾਰਯੋਗ ਲੀਡਰ ਅੜ ਗਏ। ਪ੍ਰਧਾਨ ਜੀ ਨੇ ਹੱਸਦੇ ਹੋਏ ਮਜ਼ਾਕ ਵਿੱਚ ਕਿਹਾ "ਬੋਲੀ ਲਾ ਲਓ, ਜਿਸਦੀ ਬੋਲੀ ਜਿਆਦਾ ਉਹ ਆਪਣੇ ਘਰ ਖਾਣਾ ਖਿਲਾਉਣ ਲਈ ਲੈ ਚਲੇ"। ਪ੍ਰਧਾਨ ਹੀ ਦੇ ਮਜ਼ਾਕ ਵਿੱਚ ਰਮਜ਼ ਸੀ ਕਿਉਂਕਿ ਵਰਕਰਾਂ ਦੀ ਬੋਲੀ ਵਾਲਾ ਪਾਪੜ ਵੇਲ ਕੇ ਪ੍ਰਧਾਨ ਜੀ ਗੱਡੀ ਦਾ ਢਿੱਡ ਵੀ ਭਰਨਾ ਚਾਹੁੰਦੇ ਸੀ। ਬੋਲੀ ਦੇਣ ਤੋਂ ਵੱਡੇ ਲੀਡਰ ਭੱਜ ਗਏ। ਦੋਹਾਂ ਲੀਡਰਾਂ ਦੇ ਘਰ ਅੱਧਾ ਅੱਧਾ ਪੇਟ ਭਰ ਖਾਣਾ ਖਾ ਲਿਆ। ਇਕ ਨੇ ਦੋ ਹਜ਼ਾਰ ਦਿੱਤਾ ਜੋ ਸੂਬਾ ਪ੍ਰਧਾਨ ਜੀ ਨੇ ਮੌਕੇ ਤੇ ਮੌਜੂਦ ਪ੍ਰਬੰਧਕਾ ਨੂੰ ਦੇ ਦਿੱਤੇ ਜਿਹਨਾਂ ਨੇ ਪ੍ਰੋਗਰਾਮ ਕੀਤਾ ਸੀ ਕਿਉਂਕਿ ਉਹਨਾਂ ਕੋਲ ਪ੍ਰੋਗਰਾਮ ਤੋਂ ਬਾਅਦ ਪੈਸੇ ਘਟ ਰਹੇ ਸੀ, ਇਹ ਕਹਿੰਦਿਆਂ ਦਿੱਤੇ ਗੱਡੀ ਦਾ ਢਿੱਡ ਮੈ ਆਪੇ ਦੇਖ ਲਓ, ਇਸ ਦੋ ਹਜ਼ਾਰ ਨਾਲ ਮੇਰੀ ਗੱਡੀ ਦਾ ਢਿੱਡ ਨਹੀਂ ਭਰਨਾ।

ਤੁਸੀਂ ਆਪਣੇ ਘਾਟੇ ਪੂਰੇ ਕਰੋ, ਮੇਰਾ ਵਰਕਰ ਤਕਲੀਫ਼ ‘ਚ ਨਹੀ ਹੋਣਾ ਚਾਹੀਦਾ।

ਅਜਿਹੀ ਹੀ ਇਕ ਘਟਨਾ ਪਿਛਲੇ ਦਿਨੀਂ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਵੀ ਭਰੀ ਮੀਟਿੰਗ ਦੌਰਾਨ ਹੋਈ ਸੀ ਜਦੋਂ ਮੰਚ ਤੋਂ ਸੂਬਾ ਪ੍ਰਧਾਨ ਜੀ ਨੂੰ ਗੱਡੀ ਦੇ ਤੇਲ ਪਾਣੀ ਲਈ ਠੇਕੇਦਾਰ ਭਗਵਾਨ ਦਾਸ ਜੀ ਨੇ ਗਿਆਰਾਂ ਹਜ਼ਾਰ ਰੁਪਏ ਦਿੱਤੇ ਸੀ, ਜੋ ਉਹਨਾਂ ਮੌਕੇ ਤੇ ਹੀ ਮੌਜੂਦ ਇਕ ਲੋੜਵੰਦ ਵਰਕਰ ਸਾਥੀ ਨੂੰ ਇਹੀ ਗੱਲ ਕਹਿੰਦਿਆਂ ਭਰੀ ਮੀਟਿੰਗ ਚ ਫ਼ੜਾ ਦਿੱਤੇ ਸਨ ਕਿ ਅੱਜ ਮੇਰੀ ਗੱਡੀ ਦੇ ਤੇਲ ਪਾਣੀ ਨਾਲੋਂ ਮੇਰੇ ਇਸ ਵਰਕਰ ਨੂੰ ਜਿਆਦਾ ਲੋੜ ਹੈ। ਸੂਬਾ ਪ੍ਰਧਾਨ ਜੀ ਦੇ ਕੌਤਕ ਕਿਆ ਰੰਗ ਲਿਆਉਣਗੇ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

**ਬਾਮਸੇਫ ਜਿਲ੍ਹਾ ਲੁਧਿਆਣਾ ਦੀ ਮੀਟਿੰਗ ਦੋ ਘੰਟਾ 6 ਤੋਂ 8 ਤੱਕ ਚੱਲੀ**

ਬਾਮਸੇਫ ਦੀ ਮੀਟਿੰਗ ਚ ਬੈਠਦੇ ਸਾਰ ਹੀ ਬਿਜਲੀ ਚਲੀ ਗਈ। ਸਾਰੇ ਮੁਲਾਜ਼ਮ ਸਾਥੀਆ ਨੇ ਹੱਥਾਂ ਨਾਲ ਦੋ ਘੰਟੇ ਅਖ਼ਬਾਰ ਅਤੇ ਕਾਪੀਆਂ ਨਾਲ ਝੱਲ ਮਾਰ ਕੇ, ਅੱਤ ਦੀ ਗਰਮੀ ਤੇ ਪਸੀਨੇ ਨਾਲ ਯੁੱਧ ਲੜ ਕੇ ਅੰਬੇਡਕਰੀ ਵਿਚਾਰਧਾਰਾ ਨਾਲ ਵਿਚਾਰਾਂ ਦਾ ਅਦਾਨ ਪ੍ਰਦਾਨ ਕੀਤਾ। ਬਾਮਸੇਫ ਲੁਧਿਆਣਾ ਲਈ ਹਾਲੀ ਬਹੁਤ ਮਿਹਨਤ ਕਰਨ ਦੀ ਲੋੜ ਮਹਿਸੂਸ ਹੋਈ।

ਲੁਧਿਆਣਾ ਜ਼ਿਲ੍ਹੇ ਦੇ ਸੰਗਠਨ ਦੀ ਸਮੀਖਿਆ, ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ (ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼, ਸਾਬਕਾ ਸੰਸਦ ਮੈਂਬਰ) ਜੀ ਦੇ ਆਦੇਸ਼ ਨਾਲ਼ ਤੇ ਪੰਜਾਬ ਦੇ ਇੰਚਾਰਜ ਸ੍ਰੀ ਰਾਜਾ ਰਾਮ ਜੀ ਮੈਂਬਰ ਰਾਜ ਸਭਾ ਅਤੇ ਸ੍ਰੀ ਰਣਧੀਰ ਸਿੰਘ ਬੈਨੀਵਾਲ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ, ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿੱਚ ਹੋਈ।





ਪੰਜਾਬ ਦੀ ਕੈਪਟਨ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ ਲੋਕਾਂ ਨਾਲ ਕੀਤੀਆਂ ਜਾ ਰਹੀਆਂ ਧੱਕੇਸ਼ਾਹੀਆਂ, ਮਹਿੰਗੀ ਬਿਜਲੀ, ਮਹਿੰਗੇ ਇਲਾਜ, ਮਹਿੰਗੀ ਸਿੱਖਿਆ, ਪੀਸੀਐੱਸ ਜੁਡੀਸ਼ੀਅਲ ਪ੍ਰੀਖਿਆ ਵਿੱਚ ਐੱਸਸੀ ਉਮੀਦਵਾਰਾਂ ਦੇ ਮੌਕੇ ਸੀਮਤ ਕਰਨ, ਪੋਸਟ ਮੈਟ੍ਰਿਕ ਸਕਾਲਰਸ਼ਿਪ, ਮਜ਼ਦੂਰਾਂ-ਕਿਸਾਨਾਂ ਦੇ ਮੁੱਦਿਆਂ ’ਤੇ ਜਲੰਧਰ ਵਿੱਚ ਡੀਸੀ ਦਫਤਰ ਸਾਹਮਣੇ ਬਸਪਾ ਵੱਲੋਂ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਕੈਪਟਨ ਦਾ ਪੁਤਲਾ ਵੀ ਫੂਕਿਆ ਗਿਆ। ਇਸ ਮੌਕੇ ਬਸਪਾ ਦੇ ਸੀਨੀਅਰ ਲੀਡਰ ਵੋਟਰ ਸਪੋਟਰ ਓਰ ਬੀ ਵੀ ਐਫ ਦੀ ਟੀਮ ਵਿਸ਼ੇਸ਼ ਤੌਰ ’ਤੇ ਪਹੁੰਚੇ।


## ‘ਦੇਸ਼ ਦੁਆਬਾ’

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com

# ਹਕੀਕਤ

ਕਵਿਤਾ– ਗਰੀਬਾਂ ਦੇ ਨਾਲ ਜ਼ਿਆਦਤੀਆਂ
ਕਿੰਨਾ ਚਿਰ ਹੁੰਦੀਆਂ ਰਹਿਣਗੀਆਂ
ਦਲਿਤਾਂ ਦੇ ਨਾਲ ਜ਼ਿਆਦਤੀਆਂ
ਕਿੰਨਾ ਚਿਰ ਹੁੰਦੀਆਂ ਰਹਿਣਗੀਆਂ

ਅੰਤਰਾ– ਅੱਤ ਜ਼ੁਲਮ ਦੀ ਹੋ ਗਈ
ਕੋਈ ਚਲਦੀ ਪੇਸ਼ ਨਹੀਂ
ਘਰਾਂ ਅੰਦਰ ਵੀ ਧੀਆਂ
ਭੈਣਾਂ ਸੇਫ ਨਹੀਂ
ਹੁਣਵੀ ਜੇ ਨਾ ਜਾਗੇ ਤਾਂ

ਸ਼ੇਅਰ– ਗਰੀਬਾਂ ਦੇ ਨਾਲ ਜ਼ਿਆਦਤੀਆਂ
ਤੱਕ ਤੱਕ ਕੇ ਅੱਖਾਂ ਥੱਕ ਗਈਆਂ
ਨਿਰਦੋਸ਼ਾਂ ਦੀਆਂ ਲਾਸ਼ਾਂ ਗਿਣ ਗਿਣ ਕੇ
ਸ਼ੇਅਰਾਂ ਦੀਆਂ ਕਲਮਾਂ ਘਸ ਗਈਆਂ।

ਮਾਪਿਆਂ ਦੀਆਂ ਪੱਗਾਂ ਲਹਿਣਗੀਆਂ
ਗਰੀਬਾਂ ਦੇ ਨਾਲ ਜ਼ਿਆਦਤੀਆਂ
ਕਿੰਨਾ ਚਿਰ ਹੁੰਦੀਆਂ ਰਹਿਣਗੀਆਂ
ਦਲਿਤਾਂ ਦੇ ਨਾਲ ...

ਕਵਿਤਾ– ਰੱਬ ਦੇ ਘਰ ਵਿਚ ਦੇਰ ਤਾਂ ਹੈ
ਅੰਧੇਰ ਨਹੀਂ
ਜਿਹੜੇ ਪਾਣੀ ਪੁਲ ਥੱਲਿਉਂ ਦੀ ਲੰਘ ਗਏ
ਆਉਂਦੇ ਫੇਰ ਨਹੀਂ
ਇਕ ਨਾ ਇਕ ਦਿਨ ਝੌਂਪੜੀਆਂ ਤੇ ਵੀ
ਸੂਰਜ ਦੀਆਂ ਕਿਰਨਾਂ ਪੈਣਗੀਆਂ
ਗਰੀਬਾਂ ਦੇ ਨਾਲ ਜ਼ਿਆਦਤੀਆਂ
ਕਿੰਨਾ ਚਿਰ ਹੁੰਦੀਆਂ ਰਹਿਣਗੀਆਂ
ਦਲਿਤਾਂ ਦੇ ਨਾਲ ਜ਼ਿਆਦਤੀਆਂ
ਕਿੰਨਾ ਚਿਰ ਹੁੰਦੀਆਂ ...

ਅੰਤਰਾ– ਕੋਈ ਪੁੱਛੋ ਤਾਂ ਸਰਕਾਰਾਂ ਨੂੰ
ਗੁੰਡਿਆਂ ਦਿਆਂ ਜੋਟੀਦਾਰਾਂ ਨੂੰ
ਕੋਈ ਰੋਕੂਗਾ ਨੰਗਿਆਂ ਨਾਚਾਂ ਨੂੰ
ਜਾਂ ਡਾਂਗਾਂ ਚੁੱਕਣੀਆਂ ਪੈਣਗੀਆਂ
ਗਰੀਬਾਂ ਦੇ ਨਾਲ ਜ਼ਿਆਦਤੀਆਂ
ਕਿੰਨਾ ਚਿਰ ਹੁੰਦੀਆਂ ਰਹਿਣਗੀਆਂ
ਦਲਿਤਾਂ ਦੇ ਨਾਲ ...

ਅੰਤਰਾ– ਗੋਗਲੇਆਂ ਦੇ ਮੀਂਹ ਹਮੇਸ਼ਾ ਨਹੀਂ ਪੈਂਦੇ
ਰੰਗੀਲੇ ਦਿਨ 'ਨੂਰਪੁਰੀ' ਸਦਾ ਨਹੀਂ ਰਹਿੰਦੇ
ਇਕ ਦਿਨ ਕੁੱਲੀਆਂ ਮਹਿਲਾਂ ਕੋਲੋਂ
ਗਿਣ ਗਿਣ ਕੇ ਬਦਲੇ ਲੈਣਗੀਆਂ
ਗਰੀਬਾਂ ਦੇ ਨਾਲ ਜ਼ਿਆਦਤੀਆਂ
ਕਿੰਨਾ ਚਿਰ ਹੁੰਦੀਆਂ ਰਹਿਣਗੀਆਂ
ਦਲਿਤਾਂ ਦੇ ਨਾਲ ਜ਼ਿਆਦਤੀਆਂ
ਕਿੰਨਾ ਚਿਰ ਹੁੰਦੀਆਂ ਰਹਿਣਗੀਆਂ।

ਅੰਤਰਾ– ਅਬਦਾਲੀ ਆਇਆ ਫਰੰਗੀ ਆਏ
ਗਰੀਬਾਂ ਦੇ ਗਲ਼ ਹੀ ਘੁੱਟਦੇ ਰਹੇ
ਜ਼ੋਰਾਵਰ ਚੌਧਰ ਦੇ ਭੁੱਖੇ
ਆਪਣਿਆਂ ਨੂੰ ਲੁੱਅਦੇ ਰਹੇ
ਵੇਖੀਂ ਜਾਵੋ ਕੋਠੀਆਂ ਦੇ ਵਿਚ
ਇਕ ਦਿਨ ਤਾਂ ਚੀਕਾਂ ਪੈਣਗੀਆਂ
ਗਰੀਬਾਂ ਦੇ ਨਾਲ ਜ਼ਿਆਦਤੀਆਂ
ਕਿੰਨਾ ਚਿਰ ਹੁੰਦੀਆਂ ਰਹਿਣਗੀਆਂ
ਦਲਿਤਾਂ ਦੇ ਨਾਲ ਜ਼ਿਆਦਤੀਆਂ
ਕਿੰਨਾ ਚਿਰ ...



**– ਗੁਰਦਿਆਲ ਸਿੰਘ ਨੂਰਪੁਰੀ**
408-659-5880

# ਦਿੱਲੀ ਦੀ ਬਦਨੀਤ!

ਰਾਜ-ਮਦ ਦੇ ਨਸ਼ੇ ਵਿਚ ਚੂਰ ਹਾਕਮ
ਖੌਰੇ ਮਿਲ਼ਦਾ ਕੀ ਇਨ੍ਹਾਂ ਨੂੰ ਜਬਰ ਵਿੱਚੋਂ।
ਵਿੱਚ ਮੀਡ੍ਹੀਏ ਧੌਂਸ ਦਾ ਬੋਲ-ਬਾਲਾ
ਆਉਂਦੀ ਬੋਅ ਹਰ ਚੰਦਰੀ ਖਬਰ ਵਿੱਚੋਂ।
ਫਾਹੇ ਟੰਗਣਾ ਚਾਹੁੰਦੀ ਏ ਅੱਜ ਦਿੱਲੀ
ਔਰੰਗਜ਼ੇਬ ਨੂੰ ਕੱਢ ਕੇ ਕਬਰ ਵਿੱਚੋਂ ।
ਹੁੰਦਾ ਉੱਗਣਾ ਸਦਾ ਤਬਦੀਲੀਆਂ ਨੇ
ਜ਼ੁਲਮ ਸਹਿੰਦਿਆਂ ਲੋਕਾਂ ਦੇ ਸਬਰ ਵਿੱਚੋਂ।
ਸਦੀਆਂ ਬੀਤੀਆਂ ਨਾਨੀ ਸੀ ਖਸਮ ਕੀਤਾ
ਦੋਹਤਾ ਚੱਟੀ ਹੁਣ ਆਣ ਕੇ ਭਰੇ ਕਾਹਤੋਂ।
ਵੰਨ-ਸੁਵੰਨਤਾ ਬਾਗਾਂ ਵਿਚ ਸੋਭਦੀ ਐ
ਕੋਈ ਫੁੱਲ ਵੀ ਖਿੜਨ ਤੋਂ ਡਰੇ ਕਾਹਤੋਂ !



**-ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

# 15 ਅਗਸਤ ਆਈ ਏ

15 ਅਗਸਤ ਆਈ ਏ
ਖੁਸ਼ੀਆਂ ਨਾਲ ਲਿਆਈ ਏ
ਵਧਾਈ ਏ, ਵਧਾਈ ਏ
ਆਜ਼ਾਦੀ ਦਿਵਸ ਦੀ ਵਧਾਈ ਏ
15 ਅਗਸਤ ਦੀ ਵਧਾਈ ਏ
ਵਧਾਈ ਏ, ਵਧਾਈ ਏ।

ਨਹੀਂ ਸੌਖੀ ਮਿਲੀ ਆਜ਼ਾਦੀ ਜੀ
ਰੱਸੇ ਗਲਾਂ 'ਚ ਚੁੰਮ ਕੇ ਪਾਏ ਨੇ
ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ
ਸਿਰ ਸ਼ਹੀਦਾਂ ਨੇ ਪੜਵਾਏ ਨੇ
ਸਿਰ ਝੁਕਾ ਦਈਏ ਉਹਨਾਂ ਸ਼ਹੀਦਾਂ ਲਈ
ਆਜ਼ਾਂਦੀ ਜਿਹਨਾਂ ਦੁਆਈ ਏ
15 ਅਗਸਤ ਦੀ ਵਧਾਈ ਏ
ਵਧਾਈ ਏ, ਵਧਾਈ ਏ।

ਯਾਦ ਰੱਖੀਏ ਸਦਾ ਸ਼ਹੀਦਾਂ ਨੂੰ
ਪੂਰਾ ਕਰੀਏ ਉਹਨਾਂ ਦੀਆਂ ਉਮੀਦਾਂ ਨੂੰ
ਭਾਰਤ ਮਾਂ ਲਈ ਜਾਨਾਂ ਜੋ ਵਾਰ ਗਏ
ਇਹਦੀ ਮਿੱਟੀ ਦਾ ਕਰਜ਼ ਉਤਾਰ ਗਏ
ਉਹਨਾਂ ਸ਼ਹੀਦਾਂ ਨਾਲ ਹੀ ਘਰ ਘਰ 'ਚ
ਰੁਸ਼ਨਾਈ ਏ, ਰੁਸ਼ਨਾਇ. ਏ
15 ਅਗਸਤ ਦੀ ਵਧਾਈ ਏ
ਵਧਾਈ ਏ, ਵਧਾਈ ਏ।

ਰਲ ਮਿਲ ਕੇ ਰਹੀਏ ਸਾਰੇ ਲੋਕੀ
ਤੇ ਕਦੇ ਆਪਣਾ ਪਿਆਰ ਗੁਆਉਣਾ ਨਹੀਂ
ਜਨਮਾਂ ਜਨਮਾਂ ਤੋਂ ਜਿਹੜੀ ਸਾਂਝ ਗੂੜ੍ਹੀ
ਉਸ ਸਾਂਝ ਨੂੰ ਫਿੱਕਾ ਕਦੇ ਪਾਉਣਾ ਨਹੀਂ
ਉਹਨਾਂ ਸ਼ਹੀਦਾਂ ਨੂੰ ਇਹੋ ਸ਼ਰਧਾਂਜਲੀ ਏ
ਜਿਹਨਾਂ ਹੱਸ ਕੇ ਸ਼ਹੀਦੀ ਪਾਈ ਏ
15 ਅਗਸਤ ਦੀ ਵਧਾਈ ਏ
ਵਧਾਈ ਏ, ਵਧਾਈ ਏ।

ਸ਼ਾਨ ਬਰਕਰਾਰ ਰਵੇ ਤਿਰੰਗੇ ਦੀ
ਸ਼ਹੀਦਾਂ ਦੇ ਦਿੱਤੇ ਇਸ ਝੰਡੇ ਦੀ
ਇਹ ਸ਼ਾਨ ਹੈ ਹਿੰਦੁਸਤਾਨੀਆਂ ਦੀ
ਸ਼ਹੀਦਾਂ ਦੀਆਂ ਦਿੱਤੀਆਂ ਕੁਰਬਾਨੀਆਂ ਦੀ
'ਪਿੱਪਲਾਂਵਾਲੀਆ ਜੁਗਿੰਦਰ ਧਾਮੀ' ਕਹਿੰਦਾ
15 ਅਗਸਤ ਦੀ ਵਧਾਈ ਏ
ਵਧਾਈ ਏ, ਵਧਾਈ ਏ।
ਆਜ਼ਾਦੀ ਦਿਵਸ ਦੀ ਵਧਾਈ ਏ
ਵਧਾਈ ਏ, ਵਧਾਈ ਏ।

**– ਜੁਗਿੰਦਰ ਧਾਮੀ 'ਪਿੱਪਲਾਂਵਾਲੀਆ'**
530-844-0987



# ਸਾਵਣ ਮਹੀਨੇ ਦੀ ਸਾਹਿਤਕ ਬੈਠਕ ਵਿਚ ਪ੍ਰੋ ਭੁਪਿੰਦਰ ਸ਼ਾਹੀ ਦੀ ਪੁਸਤਕ ਉਕਰੇ ਹਰਫ਼ ਦਾ ਹੋਇਆ ਲੋਕ ਅਰਪਣ

**ਰਾਜਪੁਰਾ (ਡਾ ਗੁਰਵਿੰਦਰ ਅਮਨ)–** ਲੋਕ ਸਾਹਿਤ ਸੰਗਮ ਰਾਜਪੁਰਾ ਦੀ ਸਾਹਿਤਕ ਬੈਠਕ ਰੋਟਰੀ ਭਵਨ ਵਿਖੇ ਡਾ ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੁੱਖ ਮਹਿਮਾਨ ਰੋਟਰੀ ਕਲੱਬ ਦੇ ਪ੍ਰਧਾਨ ਨਰਿੰਦਰ ਪਟਿਆਲ਼ਾ ਨੇ ਪ੍ਰੋ ਭੁਪਿੰਦਰ ਸ਼ਾਹੀ ਦੀ ਕਾਵਿ ਪੁਸਤਕ ਉੱਕਰੇ ਹਰਫ਼ ਦੀ ਘੁੰਡ ਚੁਕਾਈ ਕੀਤੀ। ਇਸ ਮੌਕੇ ਨਰਿੰਦਰ ਪਟਿਆਲ਼ਾ ਨੇ ਜਿਥੇ ਪ੍ਰੋ ਸ਼ਾਹੀ ਨੂੰ ਵਧਾਈ ਦਿੱਤੀ ਉਥੇ ਕਿਹਾ ਕਿ ਕਿਤਾਬ ਮਨੁੱਖ ਦਾ ਪੱਕਾ ਦੋਸਤ ਹੈ ਜਿਸ ਨਾਲ ਜਿਨ੍ਹਾਂ ਮਰਜ਼ੀ ਸਮਾਂ ਬਤੀਤ ਕੀਤਾ ਜਾ ਸਕਦਾ ਹੈ। ਇਸ ਮੌਕੇ ਸਭਾ ਦਾ ਆਗਾਜ਼ ਅਵਤਾਰ ਪੁਆਰ ਦੀ ਗ਼ਜ਼ਲ ਪਾਊਗਾ ਚੱਲਣਾ ਹੋਕੇ ਸਮੇਂ ਦੇ ਹਾਣ ਦਾ ਹਾਣੀ ਸੁਣਾਕੇ ਵਾਹ ਵਾਹ ਖੱਟੀ। ਕਰਮ ਸਿੰਘ ਹਕੀਰ ਦਾ ਗੀਤ ਚੜ੍ਹਤ ਪੰਜਾਬੀਆਂ ਨੂੰ ਲੈ ਕੇ ਬਹਿ ਗਈ, ਗੁਰਵਿੰਦਰ ਆਜ਼ਾਦ ਦਾ ਗੀਤ ਕੁਝ ਦਰਦ ਮੈਨੂੰ ਪੀ ਲੈਂਦਾ ਬਹੁਤ ਵਧੀਆ ਸਨ। ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਦਾ ਗੀਤ 'ਛਾਂ ਠੰਢੀ ਹਰ ਕੋਈ ਚਾਹੁੰਦਾ ਕੋਈ ਰੁੱਖ ਲਗਾ ਕੇ ਰਾਜੀ ਨਹੀਂ ਸੁਣਾਕੇ ਅਜੋਕੇ ਸਮੇਂ ਲੋਕਾਂ ਨੂੰ ਰੁੱਖ ਦੀ ਅਹਿਮੀਅਤ ਬਾਰੇ ਸੁਨੇਹਾ ਦੇ ਗਿਆ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਮਿੰਨੀ ਕਹਾਣੀ ਰਪਟ ਸੁਣਾਕੇ ਅਜੋਕੇ ਸਮਾਜਿਕ ਵਿਵਸਥਾ ਤੇ ਕਟਾਕਸ਼ ਕੀਤਾ। ਅੰਗਰੇਜ਼ ਕਲੇਰ ਦੀ ਕਵਿਤਾ ਬਾਕੀ ਦਾ ਸਫ਼ਰ ਨੇ ਸੋਚਣ ਲਈ ਮਜਬੂਰ ਕਰ ਦਿੱਤਾ। ਲੋਕ ਕਵੀ ਕੁਲਵੰਤ ਜੱਸਲ ਦਾ ਗੀਤ ਦਿਨੋਂ ਦਿਨ ਵੱਧ ਰਿਹਾ ਜ਼ੁਲਮ ਦੇਸ਼ 'ਚ ਸੁਣਾਕੇ ਚੰਗਾ ਹੋਕਾ ਦਿੱਤਾ। ਉਭਰਵੀਂ ਕਵਿੱਤਰੀ ਭਾਵਨਾ ਨੇ ਮੈ ਨਾ ਕਿਸੇ ਤੇ ਬੋਝ ਬਣੂਗੀ ਸੁਣਾਕੇ ਮਾਹੌਲ ਭਾਵੁਕ ਕੀਤਾ। ਡਾ ਹਰਜੀਤ ਸਿੰਘ ਸੱਧਰ ਨੇ ਸਾਵਣ ਮਹੀਨੇ ਨੂੰ ਸਮਰਪਿਤ ਗੀਤ ਸਾਵਣਾ ਵੇ ਸਾਵਣਾ ਤੂੰ ਕਦੋਂ ਆਵਣਾ ਸੁਣਾਕੇ ਸਭਾ ਵਿੱਚ ਮਾਹੌਲ ਰੰਗੀਨ ਕੀਤਾ। ਪ੍ਰੋ ਭੁਪਿੰਦਰ ਸ਼ਾਹੀ ਨੇ ਖੁੱਲ੍ਹੀ ਕਵਿਤਾ ਨਫ਼ਰਤ ਸੁਣਾਈ। ਭੀਮ ਸੈਨ ਝੂਲੇਲਾਲ, ਕਮਲ ਵਰਮਾਂ, ਪ੍ਰੋ ਸ਼ਤਰੂਘਨ ਗੁਪਤਾ, ਅਮਰਜੀਤ ਸਿੰਘ ਲੁਬਾਣਾ, ਸੰਤ ਸਿੰਘ ਸੋਹਲ, ਲਾਲ ਸਿੰਘ ਬਧੋਛੀ ਦੀਆਂ ਕਵਿਤਾਵਾਂ ਵੀ ਕਾਬਲੇ ਤਾਰੀਫ ਸਨ। ਬਲਦੇਵ ਸਿੰਘ ਖੁਰਾਣਾ ਨੇ ਅਪਣੀ ਕਵਿਤਾ ਦੇ ਨਾਲ ਟੋਟਕਿਆਂ ਨਾਲ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ।




# ਉਜਵੱਲ ਭਵਿੱਖ ਦਾ ਨਾਂ- ਸੈਂਟ ਜੇਵੀਅਰ ਕਾਨਵੈਂਟ ਸਕੂਲ



**ਨਵਜੋਤ ਬਜਾਜ (ਗੱਗੂ)**
91-98721-02614

ਬੱਚੇ ਦੀ ਜਿੰਦਗੀ ਦਾ ਸਫ਼ਰ ਸਕੂਲ ਤੋ ਆਰੰਭ ਹੁੰਦਾ ਹੈ। ਸਕੂਲ ਤੋ ਆਰੰਭ ਹੋਇਆਂ ਇਹ ਸਫ਼ਰ ਬੱਚੇ ਨੂੰ ਉਸ ਮੰਜ਼ਿਲ ਤੱਕ ਲੈ ਜਾਂਦਾ ਹੈ, ਜਿੱਥੇ ਅੱਜ ਦਾ ਹਰ ਇੱਕ ਇਨਸਾਨ ਪਹੁੰਚਣਾ ਹੈ।ਸਕੂਲਾਂ ਵਿੱਚ ਪੜ੍ਹ ਕੇ ਬੱਚੇ ਡਾਕਟਰ, ਵਕੀਲ, ਜੱਜ, ਖਿਡਾਰੀ, ਸਿਆਸੀ ਨੇਤਾ, ਇੰਜੀਨੀਅਰ ਅਤੇ ਵੱਡੇ-ਵੱਡੇ ਸਫ਼ਲ ਬਿਜ਼ਨਸਮੈਨ ਤਾਂ ਬਣ ਜਾਂਦੇ ਹਨ ਪਰ ਕੁਝ ਅਜਿਹੇ ਵਿਲੱਖਣ ਸਕੂਲ ਵੀ ਹਨ, ਜੋ ਇਹਨਾਂ ਉਪਲਬਧੀਆਂ ਦੇ ਨਾਲ-ਨਾਲ ਬੱਚੇ ਨੂੰ ਨੈਤਿਕ ਕਦਰਾਂ-ਕੀਮਤਾਂ ਇਨਸਾਨੀਅਤ, ਸੱਭਿਆਚਾਰ, ਵਾਤਾਵਰਨ ਅਤੇ ਸਮਾਜ ਵਿੱਚ ਚੰਗਾ ਨਾਗਰਿਕ ਬਣ ਕੇ ਜਿੰਦਗੀ ਜਿਉਣਾ ਦਾ ਸਲੀਕਾ ਵੀ ਸਿਖਾਉਂਦੇ ਹਨ।ਬਠਿੰਡੇ ਜ਼ਿਲ੍ਹੇ ਦੇ ਪਿੰਡ ਦਿਆਲਪੁਰਾ ਭਾਈ ਕਾ ਵਿਖੇ ਅਜਿਹੀ ਹੀ ਸੁ ਹੋਈ ਸੰਸਥਾ ਦਾ ਨਾਮ ਹੈ 'ਸੈਟਂ ਜੈਵੀਅਰ ਕਾਨਵੈਂਟ ਸਕੂਲ, ਜਿੱਥੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਜਿਸ ਦੇ ਤਹਿਤ ਸਕੂਲ ਵੱਲੋਂ ਤਿੰਨ ਪੀੜ੍ਹੀਆਂ ਨੂੰ ਇਕੱਠਿਆਂ ਕੀਤਾ ਗਿਆ।ਇਸ ਪ੍ਰੋਗਰਾਮ ਦੇ ਚੱਲਦਿਆਂ ਸਕੂਲ ਵੱਲੋਂ ਜਿੱਥੇ ਬੱਚਿਆਂ ਤੇ ਉਹਨਾਂ ਦੇ ਮਾਤਾ-ਪਿਤਾ ਨੂੰ ਸੱਦਾ ਪੱਤਰ ਦਿੱਤਾ ਗਿਆ।ਉਥੇ ਹੀ ਉਹਨਾਂ ਬੱਚਿਆਂ ਦੇ ਦਾਦਾ-ਦਾਦੀ ਵੀ ਬੁਲਾਏ ਗਏ।ਇਸ ਪ੍ਰੋਗਰਾਮ ਅਧੀਨ ਬੱਚਿਆਂ ਨੂੰ ਜਿਥੇ ਮਾਪਿਆ ਦੀ ਕਦਰ ਕੀਤੇ ਜਾਣ ਸਬੰਧੀ ਚਾਨਣ ਬਖੇਰਿਆ ਗਿਆ, ਉਥੇ ਹੀ ਮਨੁੱਖ ਦੀ ਜਿੰਦਗੀ ਵਿੱਚ ਪੌਦਿਆਂ ਦੀ ਮਹੱਤਤਾ ਨੂੰ ਦਰਸਾਇਆ ਗਿਆ। ਇਸ ਮੌਕੇ ਸਕੂਲੀ ਬੱਚੇ ਆਪਣੇ ਆਪਣੇ ਬੂਟੇ ਲੈ ਕੇ ਆਏ, ਬੱਚਿਆਂ ਨੇ ਆਪਣੇ ਹੀ ਹੱਥੀ ਬੂਟੇ ਲਗਾਏ ਅਤੇ ਭਵਿੱਖ ਵਿੱਚ ਉਹਨਾਂ ਦੀ ਸੰਭਾਲ ਕਰਨ ਲਈ ਪ੍ਰਣ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਥਾਣਾ ਦਿਆਲਪੁਰਾ ਦੇ ਮੁੱਖੀ ਰਜਿੰਦਰ ਕੁਮਾਰ ਵੱਲੋਂ ਪੌਦਾ ਲਗਾਂ ਕੇ ਬੱਚਿਆਂ ਦੇ ਮਾਤਾ ਪਿਤਾ ਨਾਲ ਵਿਚਾਰ ਸਾਂਝੇ ਕੀਤੇ ਅਤੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਵਾਤਾਵਰਨ ਪ੍ਰੇਮੀ ਬਣਨ ਦਾ ਸੰਦੇਸ਼ ਦਿੱਤਾ ਗਿਆ ਅਤੇ ਸਮਾਜ-ਸੇਵੀ ਰਜਿੰਦਰ ਕੁਮਾਰ ਗੋਇਲ (ਨਾਨੂੰ) ਵੱਲੋਂ ਵੀ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਗਈ। ਸਕੂਲ ਪ੍ਰਿੰਸੀਪਲ ਸਾਜੀ ਥਾਮਸ, ਫਾਦਰ ਜੋਸ, ਵਲੀਕੱਟ, ਕੁਆਰਡੀਨੇਟਰ ਟੈਨਸੀ ਥਾਮਸ, ਟੈਨਸੀ ਮੈਥਿਊ ਅਤੇ ਸਮੂਹ ਸਕੂਲ ਸਟਾਫ਼ ਬੱਚਿਆਂ ਦੇ ਉਜਵਲ ਭਵਿੱਖ ਲਈ ਦਿਨ ਰਾਤ ਮਿਹਨਤ ਕਰ ਰਿਹਾ ਹੈ।ਇਸੇ ਸਾਲ ਲੁ-ਧਿਆਣਾ ਵਿਖੇ ਹੋਈ ਪੰਜਾਬ ਸਟੇਟ ਹੈਪਕੀਡੋ ਚੈਂਪੀਅਨ ਸਿੱਪ 2019 ਵਿੱਚ ਕੋਚ ਸ਼ਿਵ ਕੁਮਾਰ ਦੀ ਅਗਵਾਈ ਇਸ ਸਕੂਲ ਦੀ ਟੀਮ ਨੇ ਚੰਗਾ ਪ੍ਰਦਰਸ਼ਨ ਕਰਦੇ ਹੋਏ ਗਿਆਰਾਂ ਗੋਲਡ, ਅੱਠ ਚਾਂਦੀ ਦੇ ਤਗਮੇ ਜਿੱਤੇ।ਇਸ ਦੀ ਸ਼ਲਾਘਾ ਪੂਰੇ ਜ਼ਿਲ੍ਹੇ ਅੰਦਰ ਹੋਈ।ਇਸ ਦੇ ਨਾਲ ਨਾਲ 'ਐਟੀ ਡਰੱਗ ਸਟੂਡੈਂਟ ਪਾਰਲੀਮੈਂਟ ਅਵੇਰਨੈਸ ਕੈਂਪ ਲਗਾਇਆ ਗਿਆ ਜਿਸ ਵਿੱਚ ਪ੍ਰਿੰਸੀਪਲ ਸਾਜੀ ਥਾਮਸ ਵੱਲੋਂ ਬੱਚਿਆਂ ਨੂੰ ਸੰਬੋਧਤ ਕਰਦੇ ਹੋਏ ਨਸ਼ਿਆਂ ਦੇ ਖਿਲਾਫ ਲੜਨ ਲਈ ਪ੍ਰੇਰਿਤ ਕੀਤਾ ਗਿਆ।ਬੱਚਿਆਂ ਨੇ ਵੀ ਨਸ਼ਾ ਨਾ ਕਰਨ ਅਤੇ ਸਾਰੀ ਜਿੰਦਗੀ ਨਸ਼ਿਆਂ ਖਿਲਾਫ ਲੜਨ ਦਾ ਪ੍ਰਣ ਕੀਤਾ।ਅਜਿਹੇ ਆਦਰਸ਼ ਵਾਦੀ ਸਕੂਲਾਂ ਦਾ ਹੋਣਾ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਅਤੇ ਮਾਤਾ ਪਿਤਾ ਲਈ ਮਾਣ ਵਾਲੀ ਗੱਲ ਹੈ।ਥੋੜੇ ਜਿਹੇ ਸਮੇਂ ਵਿਚ ਇਸ ਸਕੂਲ ਨੇ ਆਪਣੀ ਇੱਕ ਵਿਸ਼ੇਸ਼ ਪਹਿਚਾਣ ਬਣਾ ਲਈ ਹੈ।ਅੰਤ ਪੂਰੇ ਸਕੂਲ ਸਕੂਲ ਸਟਾਫ ਅਤੇ ਬੱਚਿਆਂ ਲਈ ਪ੍ਰਮਾਤਮਾ ਅੱਗੇ ਦੁਆ ਹੈ ਇਹ ਸਕੂਲ ਆਪਣੇ ਮਿੱਥੇ ਹੋਏ ਟੀਚੇ ਨੂੰ ਪੂਰਾ ਕਰਦਾ ਹੋਇਆ ਇਤਿਹਾਸਿਕ ਪੈਂਡਾ ਸਰ ਕਰਦਾ ਰਹੇ।








**DO YOU HAVE $3,000? If yes, we can help you buy your own home today using a down-payment assistance loan program.**

**ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404**




Indian Restaurant
For Sale In Stockton
All Equipment & Fixtures Included
Listing Price: $149,900




5 Bedrooms, 4 Bathrooms
sq ft: 3458, Lot Size: 7623
Listing Price: $656,450
El Dorado Hills, CA




sacramentosmoke
Smoke Shop for Sale in Sacramento
Monthly Gross Sales: $50K
Listing Price: $150,00




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY
$1500/mo.
Listing Price to $139,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




4 Bedrooms, 3 Baths
Sqft: 2631, Lot Size: 6355*
Listing Price: $490,000
Sacramento, CA




4 Bedroom, 2 Bath
Sqft: 1656, Lot Size: 7841*
Listing Price:$329,000
Sacramento, CA




Subway
for Sale in Sacramento
Listing Price: 239,900




Indian Restaurant
for Sale in Sacramento
Listing Price: 149,000




Liquor Store for Sale in Sacramento
Monthly Gross Sale: 110K
Down Payment: 400K (Seller will carry Rest)
Listing Price: 599,000 plus Inventory




Coffee Shop for Sale in Chico
Monthly Gross Sales: $25,000
Listing Price: $150,000



3 Bedroom, 2 Bathroom
Sqft: 1740*, Lot Size: 5502*
Listing Price: $397,000, Elk Grove, CA



5 Bedroom, 4 Bathroom
Sqft: 3037, Lot Size: 6827*
Listing Price: $515,000, Elk Grove, CA



8 Bedroom, 3 Bathroom
Sqft: 1978, Lot Size: 8102
Listing Price: $1,080,000, Pleasant Hill, CA




BH HS
BERKSHIRE HATHAWAY
Home Services
Elite Real Estate

SPECIALISES IN BANK REPO
APARTMENTS, COMMERCIAL PROPERTIES, GAS STATIONS, HOTELS AND AGRICULTURAL LAND

**OFFICE: 7412 ELSIE AVE., SACRAMENTO, CA 95828**



Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
Major League Kabaddi Federation
ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ '15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
ਸ਼ੀਰਥ ਗਾਖਲ ਰੰਗ ਕਬੱਡੀ ਦੇ
Amolak Singh Gakhal
Chief Patron, United Sports Club
Sponsor of 1st Prize
Jagjit Singh Rakkar Ocean Transport
Kuljit Singh Nijjar White Hawlk
Sponsor of 2nd Prize
Jugraj Singh Sahota & Narinder Singh Sahota of Sahota Family
Dedicated to Sweet Memory of Late. Kashmir Singh Sahota
Sponsor of 3rd Prize
Jaswinder Boparai, Dalbir Boparai Malkit Bopari, Gurdev Boparai
Diamond Sponsor
Inder Dosanjh
Dosanjh Family Auto Group Inc.
Diamond Sponsor
In the loving Memory of Late S. Mehnga Singh Sarai
By: Sarai Family
Sponsor of U-25
1st Prize Sponsored by TAKHAR FAMILY in loving memory of Late. Santokh Singh Takhar Apna Punjab & Northern California Club
Late. Santokh Singh Takhar
ਮੁੱਖ ਮਹਿਮਾਨ
ਮੈਨੀ ਗਰੇਵਾਲ
OPENING
ਸੁਰਜੀਤ ਸਿੰਘ ਟੁੱਟ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ
ਵਾਈਸ ਮੇਅਰ ਫਰੀਮਾਂਟ
ਮੇਜਰ ਸਿੰਘ ਬੈਂਸ
ਵਿਸ਼ੇਸ਼ ਮਹਿਮਾਨ
ਸ.ਮਹਿੰਦਰ ਸਿੰਘ ਗਿੱਲ
ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਸ. ਤਰਲੋਚਨ ਸਿੰਘ ਦੁਪਾਲਪੁਰ
ਗਾਖਲ ਭਰਾਵਾਂ ਵਲੋਂ ਆਪਣੇ ਪਿਤਾ ਸ੍ਰ. ਨਸੀਬ ਸਿੰਘ ਗਾਖਲ ਦੀ ਯਾਦ ਵਿਚ ਨੇਕੀ ਸਿੱਧਵਾਂ, ਮੰਗੀ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ ਅਤੇ ਸੁਲਤਾਨ ਸ਼ਮਸ਼ਪੁਰ ਦਾ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਜਾਵੇਗਾ
ਗੋਲਡ ਮੈਡਲ ਨਾਲ ਸਨਮਾਨ
ਨੇਕੀ ਸਿੱਧਵਾਂ
ਮੰਗੀ ਬੱਗਾ ਪਿੰਡ
ਸੰਦੀਪ ਨੰਗਲ ਅੰਬੀਆਂ
ਪਾਲਾ ਜਲਾਲਪੁਰ
ਖੁਸ਼ੀ ਦੁੱਗਾਂ
ਸੁਲਤਾਨ ਸ਼ਮਸਪੁਰ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Pinki Atwal Director
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Director
Inderjit Singh Thind Director
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulwiner Singh Gakhal Director
Harjinder Ladhar Director
Dalwinder Padda Director
Arundeep Singh Advisor
Baljinder Singh Advisor
Kirandeep Singh (director)
Kala Gakhal Director
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
GUEST OF HONOR
Jagir Singh (Subzi Mandi)
Baljit Singh Sandhu
Rana Tutt
Hardumman Singh (Billa Sanghera)
Pritam Singh Grewal
Bhupinder Singh Parmar
Makhan Sandhu
Amarjit Sangha
Bhjan Singh Thiara
Kuldip S. Sahota
Uppal Manjit Singh
Pamma deol
Jaswant Singh Hothi
Joga Kang
Jass Sohal
Mangal Singh Bhandal
Dr. Harjinder Khehra
Happy Heer
Ram Saroye
Rana Dhillon
Balwinder Walia
Dr. Baljinder Grewal
Gurdeep Singh Gakhal
Nirmal Singh Sahota
Lucky Sahota
Jaskaran Singh Dhaliwal
SP Singh
Ruby Harkhowal
Inderjit Dhugga
Lakha
Amrik Chand Lakha CPA
Santokh Singh Judge
Sarabjit Dhaliwal
Satnam Singh Bal
Sukhdev Singh Grewal
Sukhjit Singh Sandhu
Kulwant Singh Khaira
Jaswant Singh Sarai
Ateetpal Singh
Arundeep Singh
Jagdeep Singh
Ravinder Singh Dhaliwal
Paramjit Sekhon
Super Star Players
Mangi Bagga Pind
Pala Jalalapur
Sandip Ludhar
Sukha Bhandal
Dulla Bagga Pind
Khushi Duggan
Pehlwan Kahlwan
Kamal Nawan Pind
Yaad Kotli
Ravi Sidwan Dona
Rubi Harkhowal
Jairo
Arsh Chohla
Arshi Preetam
Gurlal Ghanaur
Sultan
Sandeep Surkhpur
Deesha Aalowal
Gurpreet
Gagan Jogewal
Bana Dhaliwal
Sattu Khadoor Sahib
Hasoos
Sandeep Nangal Ambian
Mani Sandhu
Gurpreet Burj Hari
Kevin Sandhu Rurka Kalan
Raju Kotla Bhari
Daljit Shamaspur
Pali Chhanna
Manna Bal Nau
Yada Surkhpur
Sharna Daggo Rumana
Makhan Makhi
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Area Sports Club 2. Yound Sports Kabaddi Club CA.
3. Metro Sports Club New York 4. Canada Club
ਕੁਮੈਂਟੇਟਰ
All Kabaddi Lovers are openly Invited
ਆਲ ਓਪਨ ਯੂ.ਐੱਸ.ਏ: ਯੂਨਾਈਟਡ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ ਕੈਲੀਫੋਰਨੀਆਂ
Spectator Have to reach at James Logan High School, International Law of Kabddi will apply, United Sports Club has reserve the right for last decisions.